HIGH STANDARD NEWS

# ਹਾਈ ਸਟੈਂਡਰਡ ਨਿਊਜ਼


HIGHSTANDARDNEWS

Date 7.08.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | Augeust- 2024 | Published in Punjab | Pages 8


## 11ਵੀਂ ਦੀ ਵਿਦਿਆਰਥਣ ਨੇ ਨਿਕਾਹ ਕਰਵਾਇਆ ਤਾਂ ਸਕੂਲ ਨੇ ਪ੍ਰਵੇਸ਼ 'ਤੇ ਲਗਾ ਦਿੱਤੀ ਰੋਕ



ਉੱਤਰਾਖੰਡ ਦੇ ਅਲਮੋੜਾ ਜ਼ਿਲ੍ਹੇ 'ਚ 11ਵੀਂ ਜਮਾਤ 'ਚ ਪੜ੍ਹਨ ਵਾਲੀ ਵਿਦਿਆਰਥਣ ਦੇ ਨਿਕਾਹ ਕਰਨ 'ਤੇ ਸਕੂਲ ਪ੍ਰਸ਼ਾਸਨ ਨੇ ਨਿਯਮਿਤ ਪੜ੍ਹਾਈ ਲਈ ਉਸ ਨੂੰ ਸਕੂਲ 'ਚ ਪ੍ਰਵੇਸ਼ ਦੇਣ ਤੋਂ ਹੀ ਮਨ੍ਹਾ ਕਰ ਦਿੱਤਾ। ਹੁਣ ਵਿਦਿਆਰਥਣ ਅਤੇ ਉਸ ਦੇ ਪਰਿਵਾਰ ਵਾਲੇ ਸਕੂਲ ਦੇ ਚੱਕਰ ਕੱਟ ਰਹੇ ਹਨ। ਕਾਲਜ ਪ੍ਰਸ਼ਾਸਨ ਹੁਣ ਉੱਚ ਅਧਿਕਾਰੀਂ ਤੋਂ ਮਨਜ਼ੂਰੀ ਮਿਲਣ 'ਤੇ ਉਸ ਨੂੰ ਜਮਾਤ 'ਚ ਬੈਠਣ ਦੇਣ ਦੀ ਗੱਲ ਕਹਿ ਰਿਹਾ ਹੈ। ਅਲਮੋੜਾ ਦੀ 19 ਸਾਲਾ ਸਿਮਰਨ, ਰਾਜਾ ਆਨੰਦ ਸਿੰਘ ਸਰਕਾਰੀ ਬਾਲਿਕਾ ਇੰਟਰ ਕਾਲਜ 'ਚ ਜਮਾਤ 11ਵੀਂ 'ਚ ਪੜ੍ਹਦੀ ਹੈ। 28 ਜੁਲਾਈ ਨੂੰ ਉਸ ਦਾ ਨਿਕਾਹ ਹੋਇਆ ਸੀ। ਨਿਕਾਹ ਤੋਂ ਬਾਅਦ ਉਹ ਸਕੂਲ ਪਹੁੰਚੀ ਤਾਂ ਅਧਿਆਪਕਾਂ ਅਤੇ ਪ੍ਰਿੰਸੀਪਲ ਨੇ ਉਸ ਨੂੰ ਜਮਾਤ 'ਚ ਬੈਠਣ ਦੀ ਮਨਜ਼ੂਰੀ ਨਹੀਂ ਦਿੱਤੀ। ਅਧਿਆਪਕਾਂ ਦਾ ਕਹਿਣਾ ਸੀ ਕਿ ਉਹ ਵਿਆਹੁਤਾ ਵਿਦਿਆਰਥਣ ਨੂੰ ਨਿਯਮਿਤ ਰੂਪ ਨਾਲ ਜਮਾਤ 'ਚ ਨਹੀਂ ਬਿਠਾ ਸਕਦੇ ਹਨ। ਇਸ ਨਾਲ ਸਕੂਲ ਦਾ ਮਾਹੌਲ ਖ਼ਰਾਬ ਹੋਵੇਗਾ। ਸਿਮਰਨ ਨੂੰ ਪ੍ਰਾਈਵੇਟ ਹੀ ਸਿੱਖਿਆ ਲੈਣੀ ਹੋਵੇਗੀ। ਇਸ ਤੋਂ ਬਾਅਦ ਵਿਦਿਆਰਥਣ ਅਤੇ ਉਸ ਦੇ ਪਰਿਵਾਰ ਵਾਲਿਆਂ ਨੇ ਕਈ ਵਾਰ ਸਕੂਲ ਪ੍ਰਸ਼ਾਸਨ ਤੋਂ ਜਮਾਤ 'ਚ ਬੈਠਣ ਦੀ ਮਨਜ਼ੂਰੀ ਦੇਣ ਦੀ ਗੁਹਾਰ ਲਗਾਈ ਪਰ ਸੁਣਵਾਈ ਨਹੀਂ ਹੋਈ। ਸਿਮਰਨ ਨੇ ਅਪੀਲ ਵੀ ਕੀਤੀ ਕਿ ਉਹ ਸਾਰੇ ਨਿਯਮਾਂ ਦੀ ਪਾਲਣਾ ਕਰੇਗੀ। ਇਸ 'ਤੇ ਸਕੂਲ ਪ੍ਰਬੰਧਨ ਨੇ ਉਸ ਨੂੰ ਉੱਚ ਅਧਿਕਾਰੀਆਂ ਤੋਂ ਮਨਜ਼ੂਰੀ ਲੈਣ ਦੀ ਗੱਲ ਕਹਿ ਦਿੱਤੀ। ਸਕੂਲ ਪ੍ਰਸ਼ਾਸਨ ਨਿਯਮਾਂ ਦਾ ਹਵਾਲਾ ਦੇ ਕੇ ਵਿਦਿਆਰਥਣ ਨੂੰ ਪ੍ਰਵੇਸ਼ ਨਹੀਂ ਦੇ ਰਿਹਾ ਹੈ ਪਰ ਪਰਿਵਾਰ ਵਾਲੇ ਜਦੋਂ ਅਜਿਹਾ ਨਿਯਮ ਦਿਖਾਉਣ ਲਈ ਕਹਿ ਰਹੇ ਹਨ ਤਾਂ ਦਿਖਾਇਆ ਨਹੀਂ ਜਾ ਰਿਹਾ। ਮੁੱਖ ਸਿੱਖਿਆ ਅਧਿਕਾਰੀ ਅੰਬਾ ਦੱਤ ਬਲੌਦੀ ਤੋਂ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਇਸ ਸੰਬੰਧ 'ਚ ਨਿਯਮਾਂ ਦੀ ਜਾਣਕਾਰੀ ਨਹੀਂ ਹੈ। ਪਤਾ ਕਰ ਕੇ ਦੱਸਦਾ ਹਾਂ।

## ਕੇਰਲ ਜ਼ਮੀਨ ਖਿਸਕਣ: ਬਚਾਅ ਕਾਰਜ 'ਚ ਸ਼ਾਮਲ ਕਰਮਚਾਰੀਆਂ ਨੂੰ ਦਿੱਤੀ ਜਾ ਰਹੀ ਮਾਨਸਿਕ ਸਿਹਤ ਸਲਾਹ



ਕੇਰਲ ਸਰਕਾਰ ਵਾਇਨਾਡ ਵਿੱਚ ਵੱਡੇ ਪੱਧਰ 'ਤੇ ਜ਼ਮੀਨ ਖਿਸਕਣ ਦੀ ਵਾਪਰੀ ਭਿਆਨਕ ਘਟਨਾ ਵਿਚ ਬਚਣ ਵਾਲੇ ਜਾਂ ਫਿਰ ਆਪਣੇ ਲੋਕਾਂ ਨੂੰ ਗੁਆਉਣ ਵਾਲੇ ਲੋਕਾਂ ਦੇ ਨਾਲ-ਨਾਲ ਮਲਬੇ ਵਿੱਚੋਂ ਲਾਸ਼ਾਂ ਅਤੇ ਮਨੁੱਖੀ ਅੰਗਾਂ ਨੂੰ ਕੱਢਣ ਲਈ ਭਾਰੀ ਮਸ਼ੀਨਾਂ ਚਲਾਉਣ ਵਾਲੇ ਕਰਮਚਾਰੀਆਂ ਨੂੰ ਮਾਨਸਿਕ ਸਿਹਤ ਸਲਾਹ ਪ੍ਰਦਾਨ ਕਰ ਰਹੀ ਹੈ। ਰਾਜ ਦੇ ਸਿਹਤ ਵਿਭਾਗ ਨੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਉਸਦਾ ਮਨੋਵਿਗਿਆਨ ਵਿਭਾਗ ਭਾਰੀ ਮਸ਼ੀਨਰੀ ਚਲਾਉਣ ਵਾਲੇ ਕਰਮਚਾਰੀਆਂ ਨੂੰ ਮਾਨਸਿਕ ਸਿਹਤ ਸਲਾਹ ਵੀ ਪ੍ਰਦਾਨ ਕਰ ਰਿਹਾ ਹੈ। ਬਿਆਨ ਦੇ ਅਨੁਸਾਰ, ਕਾਉਂਸਲਿੰਗ ਤੋਂ ਬਾਅਦ ਹੈਵੀ ਮਸ਼ੀਨ ਆਪਰੇਟਰਾਂ ਨੇ ਮਹਿਸੂਸ ਕੀਤਾ ਕਿ ਆਫ਼ਤ ਪ੍ਰਭਾਵਿਤ ਖੇਤਰਾਂ ਵਿੱਚ ਲਗਾਤਾਰ ਕੰਮ ਕਰਨ ਅਤੇ ਦਰਦਨਾਕ ਦ੍ਰਿਸ਼ਾਂ ਨੂੰ ਦੇਖ ਕੇ ਉਨ੍ਹਾਂ ਦਾ ਹੌਂਸਲਾਂ ਘੱਟ ਨਹੀਂ ਸਕਦਾ। ਇਸ ਵਿਚ ਦੱਸਿਆ ਗਿਆ ਹੈ ਕਿ ਬਚਾਅ ਕਾਰਜ ਵਿਚ ਕੇਰਲ ਤੋਂ ਇਲਾਵਾ ਬਿਹਾਰ, ਤਾਮਿਲਨਾਡੂ, ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਝਾਰਖੰਡ, ਉੜੀਸਾ ਅਤੇ ਕਰਨਾਟਕ ਦੇ ਭਾਰੀ ਮਸ਼ੀਨ ਆਪਰੇਟਰ ਸ਼ਾਮਲ ਹਨ। ਇਸ ਲਈ ਵਿਭਾਗ ਵੱਖ-ਵੱਖ ਭਾਸ਼ਾਵਾਂ ਵਿਚ ਸਲਾਹ ਪ੍ਰਦਾਨ ਕਰ ਰਿਹਾ ਹੈ। ਬਿਆਨ ਮੁਤਾਬਕ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਲੋਕਾਂ ਨੂੰ ਮਾਨਸਿਕ ਸਿਹਤ ਸੰਭਾਲ ਅਤੇ ਮਨੋਵਿਗਿਆਨਕ ਸਹਾਇਤਾ ਪ੍ਰਦਾਨ ਕਰਨ ਲਈ 'ਮੋਬਾਈਲ ਮਾਨਸਿਕ ਸਿਹਤ ਯੂਨਿਟ' ਤਾਇਨਾਤ ਕੀਤੀ ਗਈ ਹੈ।ਕੇਰਲ ਦੀ ਸਿਹਤ ਮੰਤਰੀ ਵੀਨਾ ਜਾਰਜ ਨੇ ਇਕ ਬਿਆਨ 'ਚ ਕਿਹਾ ਕਿ 'ਮੋਬਾਈਲ ਮੈਂਟਲ ਹੈਲਥ ਯੂਨਿਟ' ਵਿਅਕਤੀਗਤ ਅਤੇ ਸਮੂਹ ਦੋਹਾਂ ਤਰ੍ਹਾਂ ਦੀ ਕਾਉਂਸਲਿੰਗ ਪ੍ਰਦਾਨ ਕਰ ਰਹੀ ਹੈ ਅਤੇ ਮੈਡੀਕਲ ਕਾਲਜ ਦੇ ਡਾਕਟਰਾਂ ਦੀਆਂ ਸੇਵਾਵਾਂ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਜਾਰਜ ਨੇ ਸਖ਼ਤ ਹਦਾਇਤਾਂ ਦਿੱਤੀਆਂ ਹਨ ਕਿ ਕੋਈ ਵੀ ਵਿਅਕਤੀ ਸਿਹਤ ਵਿਭਾਗ ਦੀ ਪ੍ਰਵਾਨਗੀ ਤੋਂ ਬਿਨਾਂ ਕੈਂਪਾਂ ਵਿੱਚ ਦਾਖ਼ਲ ਨਹੀਂ ਹੋਵੇਗਾ ਅਤੇ ਨਾ ਹੀ ਕੌਂਸਲਿੰਗ ਕਰੇਗਾ। ਉਹਨਾਂ ਨੇ ਕਿਹਾ ਕਿ ਆਫ਼ਤ ਪ੍ਰਭਾਵਿਤ ਖੇਤਰ ਵਿੱਚ ਕੈਂਪਾਂ ਅਤੇ ਘਰਾਂ ਵਿੱਚ ਰਹਿ ਰਹੇ ਲੋਕਾਂ ਨੂੰ ਮਾਹਰ ਇਲਾਜ ਮੁਹੱਈਆ ਕਰਵਾਉਣ ਲਈ ਇੱਕ ਸੁਪਰ-ਸਪੈਸ਼ਲਿਟੀ ਟੈਲੀ-ਕਸਲਟੇਸ਼ਨ ਸੇਵਾ ਵੀ ਉਪਲਬਧ ਕਰਵਾਈ ਜਾਵੇਗੀ। ਰਾਜ ਦੇ ਉੱਚ ਸਿੱਖਿਆ ਅਤੇ ਸਮਾਜਿਕ ਨਿਆਂ ਮੰਤਰੀ ਆਰ ਬਿੰਦੂ ਨੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਕਿ ਆਫ਼ਤ ਪ੍ਰਭਾਵਿਤ ਲੋਕਾਂ ਨੂੰ ਟੈਲੀ-ਕਾਉਂਸਲਿੰਗ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

## 12 ਸਾਲਾਂ ਬਾਅਦ 5 ਲੱਖ ਦੇ ਪਾਰ ਪੁੱਜਿਆ ਅਮਰਨਾਥ ਯਾਤਰਾ 'ਤੇ ਆਉਣ ਵਾਲੇ ਸ਼ਰਧਾਲੂਆਂ ਦਾ ਅੰਕੜਾ



ਅਮਰਨਾਥ ਯਾਤਰਾ 'ਤੇ ਆਉਣ ਵਾਲੇ ਸ਼ਰਧਾਲੂਆਂ ਦਾ ਅੰਕੜਾ 12 ਸਾਲਾਂ ਬਾਅਦ 5 ਲੱਖ ਦੇ ਪਾਰ ਹੋ ਗਿਆ। ਅੱਜ ਤੱਕ ਦੇ ਯਾਤਰਾ ਦੇ ਇਤਿਹਾਸ 'ਚ ਤੀਜੀ ਵਾਰ ਇੰਨੀ ਗਿਣਤੀ 'ਚ ਸ਼ਰਧਾਲੂ ਦਰਸ਼ਨ ਕਰਨ ਆਏ ਹਨ। ਇਸ ਤੋਂ ਪਹਿਲਾਂ ਸਾਲ 2011 'ਚ 6.36 ਲੱਖ ਸ਼ਰਧਾਲੂ ਯਾਤਰਾ 'ਤੇ ਆਏ ਸਨ। ਉਸ ਦੇ ਅਗਲੇ ਹੀ ਸਾਲ 2012 'ਚ 6.20 ਲੱਖ ਸ਼ਿਵ ਭਗਤਾਂ ਨੇ ਬਾਬਾ ਬਰਫਾਨੀ ਦੇ ਦਰਬਾਰ 'ਚ ਹਾਜ਼ਰੀ ਲਗਾਈ ਸੀ। ਮੰਗਲਵਾਰ ਨੂੰ 2813 ਸ਼ਰਧਾਲੂਆਂ ਨੇ ਪਵਿੱਤਰ ਗੁਫ਼ਾ ਦੇ ਦਰਸ਼ਨ ਕੀਤੇ। ਇਸ ਦੇ ਨਾਲ ਹੀ ਹੁਣ ਤੱਕ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਗਿਣਤੀ 5,00,105 ਪਹੁੰਚ ਗਈ। ਉੱਥੇ ਹੀ ਯਾਤਰੀ ਨਿਵਾਸ ਭਗਵਤੀ ਨਗਰ ਜੰਮੂ ਤੋਂ 1873 ਸ਼ਰਧਾਲੂਆਂ ਦਾ 39ਵਾਂ ਜੱਥਾ ਬਾਲਟਾਲ ਲਈ ਰਵਾਨਾ ਹੋਇਆ। ਜੱਥਾ ਸ਼ਾਮ ਨੂੰ ਆਪਣੀ ਮੰਜ਼ਿਲ ਤੱਕ ਪਹੁੰਚ ਗਿਆ। ਯਾਤਰਾ ਦੇ ਦੋਵੇਂ ਮਾਰਗਾਂ ਤੋਂ 75 ਲੰਗਰ ਕਮੇਟੀਆਂ ਪਰਤ ਗਈਆਂ ਹਨ। ਹੁਣ 50 ਦੇ ਕਰੀਬ ਲੰਗਰ ਬਚੇ ਹਨ, ਜੋ ਯਾਤਰਾ ਦੇ ਅੰਤ ਤੱਕ ਰਹਿਣਗੇ ਤਾਂ ਕਿ ਸ਼ਰਧਾਲੂਆਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਨਾ ਕਰਨਾ ਪਵੇ। ਦੱਸਣਯੋਗ ਹੈ ਕਿ ਇਸ ਵਾਰ 52 ਦਿਨ ਲੰਬੀ ਅਮਰਨਾਥ ਯਾਤਰਾ 29 ਜੂਨ ਤੋਂ ਸ਼ੁਰੂ ਹੋਈ ਸੀ, ਜੋ 19 ਅਗਸਤ ਨੂੰ ਰੱਖੜੀ ਦੇ ਦਿਨ ਸੰਪੰਨ ਹੋਵੇਗੀ।

## ਏਅਰ ਇੰਡੀਆ ਦੀ ਵਿਸ਼ੇਸ਼ ਉਡਾਣ ਰਾਹੀਂ ਢਾਕਾ ਤੋਂ ਦਿੱਲੀ ਲਿਆਂਦੇ 205 ਲੋਕ




ਏਅਰ ਇੰਡੀਆ ਨੇ ਬੁੱਧਵਾਰ ਸਵੇਰੇ ਨਵੀਂ ਦਿੱਲੀ ਤੋਂ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਲਈ ਵਿਸ਼ੇਸ਼ ਉਡਾਣ ਚਲਾਈ, ਜਿਸ ਵਿੱਚ ਛੇ ਬੱਚਿਆਂ ਸਮੇਤ 205 ਲੋਕਾਂ ਨੂੰ ਭਾਰਤ ਲਿਆਂਦਾ ਗਿਆ। ਇਕ ਅਧਿਕਾਰੀ ਨੇ ਇਸ ਗੱਲ਼ ਦੀ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਏ321 ਨਿਓ ਏਅਰਕ੍ਰਾਫਟ ਦੁਆਰਾ ਸੰਚਾਲਿਤ ਚਾਰਟਰਡ ਫਲਾਈਟ ਨੇ ਮੰਗਲਵਾਰ ਰਾਤ ਨੂੰ ਢਾਕਾ ਤੋਂ ਉਡਾਣ ਭਰੀ ਸੀ, ਜਿਸ ਰਾਹੀਂ ਛੇ ਬੱਚਿਆਂ ਅਤੇ 199 ਬਾਲਗਾਂ ਸਮੇਤ 205 ਲੋਕਾਂ ਨੂੰ ਭਾਰਤ ਲਿਆਂਦਾ ਗਿਆ।ਘਟਨਾਕ੍ਰਮ ਦੀ ਜਾਣਕਾਰੀ ਰੱਖਣ ਵਾਲੇ ਇੱਕ ਅਧਿਕਾਰੀ ਨੇ ਕਿਹਾ ਕਿ ਏਅਰ ਇੰਡੀਆ ਨੇ ਢਾਕਾ ਦੇ ਹਵਾਈ ਅੱਡੇ 'ਤੇ ਬੁਨਿਆਦੀ ਢਾਂਚੇ ਦੀਆਂ ਚੁਣੌਤੀਆਂ ਦੇ ਬਾਵਜੂਦ ਬਹੁਤ ਘੱਟ ਸਮੇਂ ਵਿੱਚ ਵਿਸ਼ੇਸ਼ ਉਡਾਣ ਦਾ ਸੰਚਾਲਨ ਕੀਤਾ। ਉਨ੍ਹਾਂ ਦੱਸਿਆ ਕਿ ਦਿੱਲੀ ਤੋਂ ਉਡਾਣ ਭਰਨ ਵਾਲੇ ਇਸ ਜਹਾਜ਼ ਵਿੱਚ ਕੋਈ ਯਾਤਰੀ ਨਹੀਂ ਸੀ। ਏਅਰ ਇੰਡੀਆ ਬੁੱਧਵਾਰ ਤੋਂ ਦਿੱਲੀ ਅਤੇ ਢਾਕਾ ਵਿਚਕਾਰ ਆਪਣੀਆਂ ਦੋ ਰੋਜ਼ਾਨਾ ਉਡਾਣਾਂ ਦਾ ਸੰਚਾਲਨ ਮੁੜ ਸ਼ੁਰੂ ਕਰੇਗੀ। ਮੰਗਲਵਾਰ ਨੂੰ ਕੰਪਨੀ ਨੇ ਬੰਗਲਾਦੇਸ਼ ਦੀ ਰਾਜਧਾਨੀ ਲਈ ਆਪਣੀ ਸਵੇਰ ਦੀ ਉਡਾਣ ਰੱਦ ਕਰ ਦਿੱਤੀ ਸੀ ਪਰ ਸ਼ਾਮ ਦੀ ਉਡਾਣ ਨਿਰਧਾਰਤ ਸਮੇਂ 'ਤੇ ਛੱਡ ਦਿੱਤੀ ਸੀ।ਵਿਸਤਾਰਾ ਅਤੇ ਇੰਡੀਗੋ ਵੀ ਬੁੱਧਵਾਰ ਤੋਂ ਸਮਾਂ-ਸਾਰਣੀ ਦੇ ਅਨੁਸਾਰ ਢਾਕਾ ਲਈ ਉਡਾਣਾਂ ਸੰਚਾਲਿਤ ਕਰਨਗੇ। ਦੋਵਾਂ ਕੰਪਨੀਆਂ ਨੇ ਬੰਗਲਾਦੇਸ਼ ਦੀ ਸਥਿਤੀ ਦੇ ਮੱਦੇਨਜ਼ਰ, ਮੰਗਲਵਾਰ ਨੂੰ ਢਾਕਾ ਲਈ ਆਪਣੀਆਂ ਸਾਰੀਆਂ ਉਡਾਣਾਂ ਰੱਦ ਕਰ ਦਿੱਤੀਆਂ ਸਨ। ਵਿਸਤਾਰਾ ਢਾਕਾ ਲਈ ਮੁੰਬਈ ਤੋਂ ਰੋਜ਼ਾਨਾ ਉਡਾਣਾਂ ਚਲਾਉਂਦੀ ਹੈ, ਜਦੋਂ ਕਿ ਦਿੱਲੀ ਤੋਂ ਹਫ਼ਤੇ ਵਿੱਚ ਤਿੰਨ ਉਡਾਣਾਂ ਦਾ ਸੰਚਾਲਿਤ ਕਰਦੀ ਹੈ। ਇਸ ਦੇ ਨਾਲ ਹੀ ਇੰਡੀਗੋ ਆਮ ਤੌਰ 'ਤੇ ਦਿੱਲੀ, ਮੁੰਬਈ ਅਤੇ ਚੇਨਈ ਤੋਂ ਢਾਕਾ ਲਈ ਰੋਜ਼ਾਨਾ ਇਕ-ਇਕ ਉਡਾਣ ਚਲਾਉਂਦੀ ਹੈ, ਜਦੋਂ ਕਿ ਕੋਲਕਾਤਾ ਤੋਂ ਦੋ ਉਡਾਣਾਂ ਦਾ ਸੰਚਾਲਿਤ ਕਰਦੀ ਹੈ।ਬੰਗਲਾਦੇਸ਼ ਇੱਕ ਬੇਮਿਸਾਲ ਰਾਜਨੀਤਿਕ ਸੰਕਟ ਨਾਲ ਜੂਝ ਰਿਹਾ ਹੈ, ਜਦੋਂ 15 ਸਾਲਾਂ ਤੋਂ ਸੱਤਾ ਵਿੱਚ ਰਹੀ ਸ਼ੇਖ ਹਸੀਨਾ ਨੇ ਵਿਵਾਦਪੂਰਨ ਰਿਜ਼ਰਵੇਸ਼ਨ ਪ੍ਰਣਾਲੀ ਵਿਰੁੱਧ ਹਫ਼ਤਿਆਂ ਦੇ ਹਿੰਸਕ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ ਅਚਾਨਕ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਦੇਸ਼ ਛੱਡ ਦਿੱਤਾ। ਇਸ ਰਿਜ਼ਰਵੇਸ਼ਨ ਪ੍ਰਣਾਲੀ ਤਹਿਤ 1971 ਦੀ ਆਜ਼ਾਦੀ ਦੀ ਲੜਾਈ ਵਿਚ ਲੜਨ ਵਾਲੇ ਲੋਕਾਂ ਦੇ ਪਰਿਵਾਰਾਂ ਲਈ 30 ਫ਼ੀਸਦੀ ਨੌਕਰੀਆਂ ਰਾਖਵੀਆਂ ਕੀਤੀਆਂ ਗਈਆਂ ਸਨ। ਸਰਕਾਰ ਵਿਰੋਧੀ ਹਿੰਸਕ ਪ੍ਰਦਰਸ਼ਨਾਂ ਵਿੱਚ 300 ਤੋਂ ਵੱਧ ਲੋਕ ਆਪਣੀ ਜਾਨ ਗੁਆ ਚੁੱਕੇ ਹਨ।

## ਵਧਦਾ ਕਰਜ਼ਾ ਪੰਜਾਬ ਸਰਕਾਰ ਲਈ ਚਿੰਤਾ ਦਾ ਸਬੱਬ




ਪੰਜਾਬ ਸਰਕਾਰ ਸਾਹਮਣੇ ਵੱਡੀ ਚਿੰਤਾ ’ਚ ਹੈ ਕਿਉਂਕਿ ਉਸ ਦਾ ਕਰਜ਼ਾ ਵਧ ਕੇ 3.51 ਲੱਖ ਕਰੋੜ ਰੁਪਏ ਹੋ ਗਿਆ ਹੈ। 31 ਮਾਰਚ 2022 ਦੇ ਅੰਤ ’ਚ ਜਦੋਂ ਭਗਵੰਤ ਮਾਨ ਸਰਕਾਰ ਨੇ ਸੱਤਾ ਸੰਭਾਲੀ ਸੀ ਤਾਂ ਪੰਜਾਬ ’ਤੇ 2.84 ਲੱਖ ਕਰੋੜ ਰੁਪਏ ਦਾ ਕਰਜ਼ਾ ਸੀ। ਭਾਰਤੀ ਰਿਜ਼ਰਵ ਬੈਂਕ ਦੀ ਰਿਪੋਰਟ ‘ਸਟੇਟ ਫਾਈਨਾਂਸ : ਏ ਸਟੱਡੀ ਆਫ਼ ਦਾ ਬਜਟ 2023-24’ ਅਨੁਸਾਰ ਪੰਜਾਬ ਸਰਕਾਰ ਦੀਆਂ ਕੁੱਲ ਬਕਾਇਆ ਦੇਣਦਾਰੀਆਂ ਮਾਰਚ 2020 ਦੇ ਅੰਤ ’ਚ 2.29 ਲੱਖ ਕਰੋੜ ਰੁਪਏ ਸਨ। ਮਾਰਚ, 2021 ’ਚ ਇਹ 2.59 ਲੱਖ ਕਰੋੜ ਰੁਪਏ ਅਤੇ ਮਾਰਚ, 2022 ਦੇ ਅੰਤ ਤੱਕ 2.84 ਲੱਖ ਕਰੋੜ ਰੁਪਏ ਹੋ ਗਈਆਂ। ਇਹ ਕਰਜ਼ਾ ਹੇਠਾਂ ਆਉਣ ਦੀ ਬਜਾਏ ਵਧਦਾ ਗਿਆ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਸਾਰੇ ਸੂਬਿਆਂ ਨੇ ਆਪਣੀ ਖੁਦ ਦੀ ਵਿੱਤੀ ਜ਼ਿੰਮੇਵਾਰੀ ਤੇ ਬਜਟ ਪ੍ਰਬੰਧਨ ਐਕਟ ਬਣਾਇਆ ਹੋਇਆ ਹੈ। ਇਸ ਦੀ ਪਾਲਣਾ ਦੀ ਨਿਗਰਾਨੀ ਸਬੰਧਤ ਸੂਬਾਈ ਵਿਧਾਨ ਸਭਾਵਾਂ ਵਲੋਂ ਕੀਤੀ ਜਾਂਦੀ ਹੈ। ਵਿੱਤ ਮੰਤਰਾਲਾ ਦਾ ਖਰਚਾ ਵਿਭਾਗ ਆਮ ਤੌਰ ’ਤੇ ਸੂਬਿਆਂ ਵਲੋਂ ਉਧਾਰ ਲੈਣ ਨੂੰ ਮਨਜ਼ੂਰੀ ਦੇਣ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਵਿੱਤ ਕਮਿਸ਼ਨ ਦੀਆਂ ਪ੍ਰਵਾਨਿਤ ਸਿਫ਼ਾਰਸ਼ਾਂ ਵਲੋਂ ਲਾਜ਼ਮੀ ਵਿੱਤੀ ਹੱਦਾਂ ਦੀ ਪਾਲਣਾ ਕਰਦਾ ਹੈ। ਇਹ ਸੂਬਿਆਂ ਨੂੰ ਕਰਜ਼ਾ ਲੈਣ ਦੀ ਇਜਾਜ਼ਤ ਦੇ ਸਕਦਾ ਹੈ ਪਰ ਕੁਝ ਸ਼ਰਤਾਂ ਨਾਲ। ਪਿਛਲੇ ਸਾਲਾਂ ਦੌਰਾਨ ਸੂਬਿਆਂ ਵਲੋਂ ਵਧੇਰੇ ਉਧਾਰ ਲੈਣ ਲਈ ਅਡਜਸਟਮੈਂਟ ਜੇ ਕੋਈ ਹੈ ਤਾਂ ਉਸ ਨੂੰ ਅਗਲੇ ਸਾਲਾਂ ਦੀਆਂ ਉਧਾਰ ਹੱਦਾਂ ’ਚ ਕੀਤੀ ਜਾਂਦੀ ਹੈ।

## STF ਨਾਲ ਮੁਕਾਬਲੇ 'ਚ ਇਕ ਲੱਖ ਦਾ ਇਨਾਮੀ ਬਦਮਾਸ਼ ਢੇਰ



ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ 'ਚ 1 ਲੱਖ ਰੁਪਏ ਦਾ ਇਨਾਮੀ ਬਦਮਾਸ਼ ਬੁੱਧਵਾਰ ਸਵੇਰੇ ਰਾਜ ਪੁਲਸ ਦੀ ਸਪੈਸ਼ਲ ਟਾਸਕ ਫੋਰਸ (ਐੱਸਟੀਐੱਫ) ਨਾਲ ਹੋਏ ਮੁਕਾਬਲੇ 'ਚ ਮਾਰਿਆ ਗਿਆ। ਐੱਸਟੀਐੱਫ ਦੇ ਸੂਤਰਾਂ ਨੇ ਦੱਸਿਆ ਕਿ ਸਪੈਸ਼ਲ ਟਾਸਕ ਫੋਰਸ ਨੂੰ ਮਥੁਰਾ ਦੇ ਫਰਾਹ ਇਲਾਕੇ 'ਚ ਇਕ ਲੱਖ ਰੁਪਏ ਇਨਾਮੀ ਬਦਮਾਸ਼ ਪੰਕਜ ਯਾਦਵ ਦੇ ਮੌਜੂਦ ਹੋਣ ਦੀ ਸੂਚਨਾ ਮਿਲੀ ਸੀ। ਸੂਤਰਾਂ ਅਨੁਸਾਰ ਐੱਸਟੀਐੱਫ ਦੀ ਟੀਮ ਨੇ ਮੌਕੇ ’ਤੇ ਪਹੁੰਚ ਕੇ ਮੋਟਰਸਾਈਕਲ ਸਵਾਰ ਯਾਦਵ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਟੀਮ ’ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸੂਤਰਾਂ ਮੁਤਾਬਕ ਐੱਸਟੀਐੱਫ ਦੀ ਟੀਮ ਨੇ ਵੀ ਜਵਾਬੀ ਕਾਰਵਾਈ ਕੀਤੀ, ਜਿਸ 'ਚ ਯਾਦਵ ਮਾਰਿਆ ਗਿਆ, ਜਦੋਂ ਕਿ ਉਸ ਦਾ ਇਕ ਸਾਥੀ ਮੌਕੇ ਤੋਂ ਭੱਜਣ 'ਚ ਕਾਮਯਾਬ ਹੋ ਗਿਆ।ਸੂਤਰਾਂ ਨੇ ਦੱਸਿਆ ਕਿ ਮੌਕੇ ਤੋਂ ਇਕ ਪਿਸਤੌਲ, ਇਕ ਰਿਵਾਲਵਰ, ਕਾਰਤੂਸ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਯਾਦਵ ਉੱਤਰ ਪ੍ਰਦੇਸ਼ 'ਚ ਮੁਖਤਾਰ ਅੰਸਾਰੀ ਅਤੇ ਬਿਹਾਰ 'ਚ ਸ਼ਹਾਬੁਦੀਨ ਗੈਂਗ ਲਈ ਕਿਰਾਏ 'ਤੇ ਕਤਲ ਕਰਵਾਉਂਦਾ ਸੀ। ਸੂਤਰਾਂ ਮੁਤਾਬਕ ਯਾਦਵ ਖ਼ਿਲਾਫ਼ ਕਤਲ, ਡਕੈਤੀ, ਡਕੈਤੀ ਅਤੇ ਫਿਰੌਤੀ ਵਰਗੇ ਘਿਨਾਉਣੇ ਅਪਰਾਧਾਂ ਦੇ 36 ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਯਾਦਵ ਅਗਸਤ 2009 'ਚ ਮਊ 'ਚ ਠੇਕੇਦਾਰ ਮੰਨਾ ਸਿੰਘ ਦੇ ਕਤਲ ਦੇ ਗਵਾਹ ਰਾਮ ਸਿੰਘ ਮੌਰੀਆ ਅਤੇ ਮਾਰਚ 2010 'ਚ ਉਸ ਦੀ ਸੁਰੱਖਿਆ ਲਈ ਤਾਇਨਾਤ ਪੁਲਸ ਮੁਲਾਜ਼ਮ ਸਤੀਸ਼ ਦੇ ਕਤਲ ਦਾ ਵੀ ਮੁਲਜ਼ਮ ਸੀ।

# ਕਿਸਾਨ ਜਥੇਬੰਦੀਆਂ ਨੇ ਕਰ 'ਤਾ ਵੱਡਾ ਐਲਾਨ




ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪੰਜਾਬ ਪ੍ਰਧਾਨ ਮਨਜੀਤ ਸਿੰਘ ਰਾਏ ਅਤੇ ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਦਿਲਬਾਗ ਸਿੰਘ ਗਿੱਲ ਅਤੇ ਇੰਦਰਵੀਰ ਕਾਦੀਆਂ ਨੇ ਪ੍ਰੈੱਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨੈਸ਼ਨਲ ਹਾਈਵੇ 'ਤੇ ਸਥਿਤ ਦੇਸ਼ ਦਾ ਸਭ ਤੋਂ ਮਹਿੰਗਾ ਲਾਡੋਵਾਲ ਟੋਲ ਪਲਾਜ਼ਾ ਦੀਆਂ ਧੱਕੇਸ਼ਾਹੀਆਂ ਖ਼ਿਲਾਫ਼ ਭਾਰਤੀ ਕਿਸਾਨ ਯੂਨੀਅਨ ਦੇ ਸੰਗਠਨ 10 ਅਗਸਤ ਨੂੰ ਨੂਰਪੁਰ ਬੇਟ ’ਚ ਇਕ ਵਿਸ਼ਾਲ ਮੀਟਿੰਗ ਕਰਨ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇ ਅਥਾਰਟੀ ਨੇ ਕਿਸਾਨ ਜਥੇਬੰਦੀਆਂ ਦੀ ਕਿਸੇ ਵੀ ਮੰਗ ਨੂੰ ਪੂਰਾ ਕੀਤੇ ਬਿਨਾਂ ਟੋਲ ਪਲਾਜ਼ਾ ਨੂੰ ਸ਼ੁਰੂ ਕਰਵਾ ਦਿੱਤਾ ਪਰ ਜਦੋਂ ਤੱਕ ਨੈਸ਼ਨਲ ਹਾਈਵੇ ਅਥਾਰਟੀ ਕਿਸਾਨ ਜਥੇਬੰਦੀਆਂ ਦੀਆਂ ਮੰਗਾਂ ਮਨਜ਼ੂਰ ਨਹੀਂ ਕਰ ਲੈਂਦੀ, ਉਦੋਂ ਤੱਕ ਕਿਸਾਨ ਜਥੇਬੰਦੀਆਂ ਆਪਣਾ ਅੰਦੋਲਨ ਜਾਰੀ ਰੱਖਣਗੀਆਂ। ਮਨਜੀਤ ਰਾਏ ਅਤੇ ਦਿਲਬਾਗ ਗਿੱਲ ਨੇ ਦੱਸਿਆ ਕਿ ਲਾਡੋਵਾਲ ਟੋਲ ਪਲਾਜ਼ਾ ਦੇਸ਼ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਹੈ, ਜਿਥੇ ਲੋਕਾਂ ਦੀ ਅੰਨ੍ਹੀ ਲੁੱਟ ਕੀਤੀ ਜਾਂਦੀ ਹੈ। ਇਸ ਟੋਲ ਪਲਾਜ਼ਾ ’ਤੇ ਪ੍ਰਸ਼ਾਸਨ ਵੱਲੋਂ ਵੀ ਲੋਕਾਂ ਅਤੇ ਕਿਸਾਨਾਂ ਨਾਲ ਧੱਕੇਸ਼ਾਹੀ ਕਰਦੇ ਹੋਏ ਗਲਤ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜੋ ਕਿਸਾਨ ਮੋਰਚੇ ਲਈ ਟੋਲ ਪਲਾਜ਼ੇ ਤੋਂ ਨਿਕਲ ਰਹੇ ਹਨ। ਉਨ੍ਹਾਂ ਨੂੰ ਟੋਲ ਪਲਾਜ਼ਾ ਦੇ ਅਧਿਕਾਰੀ ਤੰਗ-ਪ੍ਰੇਸ਼ਾਨ ਕਰਦੇ ਹੋਏ ਉਨ੍ਹਾਂ ਤੋਂ ਟੋਲ ਵਸੂਲ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲਾਂ ਟੋਲ ਪਲਾਜ਼ਾ ’ਤੇ ਕਿਸਾਨ ਯੂਨੀਅਨ ਜਥੇਬੰਦੀ ਦੇ ਕਾਰਡ ਦੇਖ ਕੇ ਅੱਗੇ ਜਾਣ ਦਿੰਦੇ ਸਨ ਪਰ ਹੁਣ ਟੋਲ ਵਸੂਲੇ ਬਿਨਾਂ ਅੱਗੇ ਨਹੀਂ ਜਾਣ ਦਿੱਤਾ ਜਾਂਦਾ। ਉਨ੍ਹਾਂ ਦੱਸਿਆ ਕਿ 10 ਅਗਸਤ ਨੂੰ ਭਾਰਤੀ ਕਿਸਾਨ ਯੂਨੀਅਨ ਦੇ ਸਾਰੇ ਸੰਗਠਨ ਨੂਰਪੁਰ ਬੇਟ ’ਚ ਗੁਰਦੁਆਰਾ ਸਾਹਿਬ ’ਚ 11 ਵਜੇ ਮੀਟਿੰਗ ਕਰਨਗੇ।ਇਸ ਤੋਂ ਬਾਅਦ ਅੱਗੇ ਦੀ ਰਣਨੀਤੀ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜਦੋਂ ਤੱਕ ਨੈਸ਼ਨਲ ਹਾਈਵੇ ਅਥਾਰਟੀ ਟੋਲ ਰੇਟ ’ਚ ਕੀਤੇ ਵਾਧੇ ਦਾ ਕੋਈ ਹੱਲ ਨਹੀਂ ਕਰ ਲੈਂਦੀ, ਉਦੋਂ ਤੱਕ ਕਿਸਾਨ ਸੰਗਠਨ ਆਪਣਾ ਸੰਘਰਸ਼ ਇਸ ਤਰ੍ਹਾਂ ਦੀ ਜਾਰੀ ਰੱਖਣਗੇ। ਪ੍ਰਧਾਨ ਰਾਏ ਅਤੇ ਪ੍ਰਧਾਨ ਗਿੱਲ ਨੇ ਦੱਸਿਆ ਕਿ ਉਨ੍ਹਾਂ ਦੇ ਕੋਲ ਟੋਲ ਪਲਾਜ਼ਾ ਦੇ ਐਸੇ ਕਈ ਦਸਤਾਵੇਜ਼ ਹੱਥ ਲੱਗੇ ਹਨ, ਜਿਨ੍ਹਾਂ ’ਤੇ ਟੋਲ ਪਲਾਜ਼ਾ ਦੀਆਂ ਕਈ ਕਮੀਆਂ ਜੱਗ-ਜ਼ਾਹਿਰ ਹੁੰਦੀਆਂ ਦਿਖਾਈ ਦੇ ਰਹੀਆਂ ਹਨ, ਜਿਨ੍ਹਾਂ ਦਾ ਪਰਦਾ ਉਹ ਆਉਣ ਵਾਲੇ ਦਿਨਾਂ ’ਚ ਚੁੱਕ ਕੇ ਲੋਕਾਂ ਸਾਹਮਣੇ ਸੱਚਾਈ ਪੇਸ਼ ਕਰਨਗੇ। ਇਸ ਮੀਟਿੰਗ ਦੌਰਾਨ ਮਾਲਵਾ ਜ਼ੋਨ ਦੇ ਪ੍ਰਧਾਨ ਇੰਦਰਵੀਰ ਸਿੰਘ ਕਾਦੀਆਂ, ਸੁਰਿੰਦਰ ਸਿੰਘ ਪਵਾਰ, ਜਸਪ੍ਰੀਤ ਸਿੰਘ ਗਿੱਲ ਆਦਿ ਹਾਜ਼ਰ ਸਨ।

# ਰਾਜਾ ਵੜਿੰਗ ਨੇ ਵਿਨੇਸ਼ ਫੋਗਾਟ ਨੂੰ ਇਤਿਹਾਸਕ ਜਿੱਤ 'ਤੇ ਦਿੱਤੀ ਵਧਾਈ, ਕਿਹਾ- ''ਸਾਨੂੰ ਸਭ ਨੂੰ ਤੁਹਾਡੇ 'ਤੇ ਮਾਣ ਹੈ...''



ਭਾਰਤੀ ਮਹਿਲਾ ਪਹਿਲਵਾਨ ਵਿਨੇਸ਼ ਫੋਗਾਟ ਨੇ ਪੈਰਿਸ ਓਲੰਪਿਕ ਦੇ ਸੈਮੀਫਾਈਨਲ 'ਚ ਕਿਊਬਾ ਦੀ ਖਿਡਾਰਨ ਯੁਜ਼ਨੇਲਿਸ ਗੁਜ਼ਮੈਨ ਨੂੰ 5-0 ਨਾਲ ਹਰਾ ਕੇ ਫਾਈਨਲ 'ਚ ਜਗ੍ਹਾ ਬਣਾ ਲਈ ਹੈ। ਓਲੰਪਿਕ ਦੇ ਫਾਈਨਲ 'ਚ ਪਹੁੰਚਣ ਵਾਲੀ ਵਿਨੇਸ਼ ਫੋਗਾਟ ਭਾਰਤ ਦੀ ਪਹਿਲੀ ਮਹਿਲਾ ਪਹਿਲਵਾਨ ਬਣ ਗਈ ਹੈ। ਇਸ ਤੋਂ ਪਹਿਲਾਂ ਭਾਰਤੀ ਮਹਿਲਾ ਪਹਿਲਵਾਨਾਂ ਨੇ ਓਲੰਪਿਕ 'ਚ ਕਦੇ ਚਾਂਦੀ ਜਾਂ ਸੋਨੇ ਦਾ ਤਮਗਾ ਨਹੀਂ ਜਿੱਤਿਆ ਹੈ। ਇਸ ਇਤਿਹਾਸ ਜਿੱਤ ਨਾਲ ਭਾਰਤ ਲਈ ਹੁਣ ਘੱਟੋ-ਘੱਟ ਚਾਂਦੀ ਦਾ ਤਮਗਾ ਤਾਂ ਪੱਕਾ ਹੋ ਗਿਆ ਹੈ। ਇਸ ਜਿੱਤ ਤੋਂ ਬਾਅਦ ਵਿਨੇਸ਼ ਨੂੰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਇਸੇ ਦੌਰਾਨ ਪੰਜਾਬ ਕਾਂਗਰਸ ਪ੍ਰਧਾਨ ਤੇ ਲੁਧਿਆਣਾ ਤੋਂ ਸਾਂਸਦ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਟਵੀਟ ਕਰ ਵਿਨੇਸ਼ ਨੂੰ ਇਸ ਇਤਿਹਾਸਕ ਜਿੱਤ ਲਈ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਆਪਣੇ 'ਐਕਸ' ਅਕਾਊਂਟ 'ਤੇ ਟਵੀਟ ਕਰ ਲਿਖਿਆ, ''ਸਭ ਮੁਸ਼ਕਿਲਾਂ ਤੋਂ ਬਾਅਦ ਇਸ ਜਿੱਤ ਨਾਲ ਇਤਿਹਾਸ ਬਣ ਗਿਆ ਹੈ। ਵਿਨੇਸ਼ ਫੋਗਾਟ ਓਲੰਪਿਕ ਖੇਡਾਂ ਦੇ ਫਾਈਨਲ 'ਚ ਪਹੁੰਚਣ ਵਾਲੀ ਪਹਿਲੀ ਭਾਰਤੀ ਮਹਿਲਾ ਪਹਿਲਵਾਨ ਬਣ ਗਈ ਹੈ। ਇਹ ਭਾਰਤ ਦੀਆਂ ਧੀਆਂ ਦੀ ਅਸਲ ਤਾਕਤ ਹੈ। ਸਾਨੂੰ ਸਭ ਨੂੰ ਤੁਹਾਡੇ 'ਤੇ ਮਾਣ ਹੈ।''ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਵੀ ਵਿਨੇਸ਼ ਨੂੰ ਵਧਾਈ ਦਿੱਤੀ ਸੀ। ਉਨ੍ਹਾਂ ਆਪਣੇ 'ਐਕਸ' ਅਕਾਊਂਟ 'ਤੇ ਟਵੀਟ ਕਰ ਲਿਖਿਆ, ''ਅੱਜ ਵਿਨੇਸ਼ ਦੇ ਨਾਲ-ਨਾਲ ਪੂਰਾ ਦੇਸ਼ ਦੁਨੀਆ ਦੇ ਤਿੰਨ ਸਰਵੋਤਮ ਪਹਿਲਵਾਨਾਂ ਨੂੰ ਇਕ ਦਿਨ 'ਚ ਹਰਾਉਣ ਤੋਂ ਬਾਅਦ ਭਾਵੁਕ ਹੈ। ਜਿਨ੍ਹਾਂ ਲੋਕਾਂ ਨੇ ਵਿਨੇਸ਼ ਅਤੇ ਉਸ ਦੇ ਸਾਥੀਆਂ ਦੇ ਸੰਘਰਸ਼ ਨੂੰ ਨਕਾਰਿਆ ਅਤੇ ਉਨ੍ਹਾਂ ਦੇ ਇਰਾਦਿਆਂ ਅਤੇ ਸਮਰੱਥਾ 'ਤੇ ਸਵਾਲ ਵੀ ਉਠਾਏ, ਉਨ੍ਹਾਂ ਦੇ ਜਵਾਬ ਮਿਲ ਚੁੱਕੇ ਹਨ। ਉਸ ਨੂੰ ਖ਼ੂਨ ਦੇ ਹੰਝੂ ਰਵਾਉਣ ਵਾਲਾ ਸੱਤਾ ਦਾ ਸਾਰਾ ਸਿਸਟਮ ਅੱਜ ਭਾਰਤ ਦੀ ਬਹਾਦਰ ਧੀ ਦੇ ਸਾਹਮਣੇ ਢਹਿ-ਢੇਰੀ ਹੋ ਗਿਆ ਹੈ। ਇਹ ਹੈ ਚੈਂਪੀਅਨਾਂ ਦੀ ਪਛਾਣ, ਉਹ ਮੈਦਾਨ ਤੋਂ ਜਵਾਬ ਦਿੰਦੇ ਹਨ। ਸ਼ੁਭਕਾਮਨਾਵਾਂ ਵਿਨੇਸ਼। ਪੈਰਿਸ ਵਿੱਚ ਤੁਹਾਡੀ ਸਫਲਤਾ ਦੀ ਗੂੰਜ ਦਿੱਲੀ ਤੱਕ ਸਾਫ਼-ਸਾਫ਼ ਸੁਣਾਈ ਦੇ ਰਹੀ ਹੈ।''

# ਸੀ. ਆਈ. ਏ. ਸਟਾਫ ਦੀ ਵੱਡੀ ਕਾਰਵਾਈ, ਕਿੱਲੋ ਅਫੀਮ ਸਮੇਤ ਤਸਕਰ ਗ੍ਰਿਫ਼ਤਾਰ

ਸੀ. ਆਈ. ਏ. ਸਟਾਫ ਤਰਨਤਾਰਨ ਦੀ ਪੁਲਸ ਨੇ ਇਕ ਮੁਲਜ਼ਮ ਨੂੰ ਇਕ ਕਿੱਲੋ ਅਫੀਮ ਸਮੇਤ ਗ੍ਰਿਫ਼ਤਾਰ ਕਰਦੇ ਹੋਏ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਐੱਸ. ਐੱਸ. ਪੀ. ਗੌਰਵ ਤੂਰਾ ਵੱਲੋਂ ਮਿਲੇ ਹੁਕਮਾਂ ਤਹਿਤ ਮਾੜੇ ਅਨਸਰਾਂ ਖ਼ਿਲਾਫ ਮੁਹਿੰਮ ਸ਼ੁਰੂ ਕੀਤੀ ਗਈ ਹੈ ਜਿਸ ਦੇ ਚੱਲਦਿਆਂ ਸੀ. ਆਈ. ਏ. ਸਟਾਫ ਤਰਨਤਾਰਨ ਦੇ ਇੰਚਾਰਜ ਇੰਸਪੈਕਟਰ ਨਵਦੀਪ ਸਿੰਘ ਦੀ ਅਗਵਾਈ ਵਾਲੀ ਟੀਮ ਵੱਲੋਂ ਕਾਰਵਾਈ ਕਰਦੇ ਹੋਏ ਬਲਦੇਵ ਸਿੰਘ ਉਰਫ ਬਾਊ ਪੁੱਤਰ ਜਸਵੰਤ ਸਿੰਘ ਵਾਸੀ ਨੌਸ਼ਹਿਰਾ ਪੰਨੂਆਂ ਨੂੰ ਇਕ ਕਿੱਲੋ ਅਫੀਮ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਪੁਲਸ ਵੱਲੋਂ ਥਾਣਾ ਸਰਹਾਲੀ ਵਿਖੇ ਮਾਮਲਾ ਦਰਜ ਕਰ ਮੁਲਜ਼ਮ ਦਾ ਮਾਨਯੋਗ ਅਦਾਲਤ ਪਾਸੋਂ ਰਿਮਾਂਡ ਹਾਸਲ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



# ਪੰਜਾਬ 'ਚ ਫਿਰ ਵੱਡਾ ਹਾਦਸਾ, ਭਿਆਨਕ ਟੱਕਰ ਤੋਂ ਬਾਅਦ ਸਕੂਲ ਬੱਸ ਦੇ ਉੱਡੇ ਪਰਖੱਚੇ

ਕਪੂਰਥਲਾ ਵਿਚ ਸੁਭਾਨਪੁਰ ਰੋਡ 'ਤੇ ਪਿੰਡ ਬੂਟ ਨੇੜੇ ਅੱਜ ਸਵੇਰੇ ਕੈਂਬਰਿਜ ਸਕੂਲ ਦੀ ਬੱਸ ਅਤੇ ਪ੍ਰਿੰਸ ਦੀ ਬੱਸ ਵਿਚਾਲੇ ਜ਼ਬਰਦਸਤ ਟੱਕਰ ਹੋ ਗਈ। ਇਸ ਹਾਦਸੇ ਵਿੱਚ ਬੱਚਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਜਦਕਿ ਸਕੂਲ ਬੱਸ ਦਾ ਕੰਡਕਟਰ ਅਤੇ ਕੇਅਰਟੇਕਰ ਮਹਿਲਾ ਜ਼ਖ਼ਮੀ ਹੋਏ ਹਨ।ਇਸ ਦੀ ਪੁਸ਼ਟੀ ਕਰਦਿਆਂ ਬਾਦਸ਼ਾਹਪੁਰ ਚੌਂਕੀ ਦੇ ਪੁਲਸ ਮੁਲਾਜ਼ਮ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਪ੍ਰਿੰਸ ਬੱਸ ਡਰਾਈਵਰ ਮਨਜੀਤ ਸਿੰਘ ਨੂੰ ਕਾਬੂ ਕਰ ਲਿਆ ਗਿਆ ਹੈ। ਮੌਕੇ 'ਤੇ ਮੌਜੂਦ ਲੋਕਾਂ ਨੇ ਜ਼ਖ਼ਮੀ ਕੇਅਰਟੇਕਰ ਮਹਿਲਾ ਅਤੇ ਸਕੂਲ ਬੱਸ ਦੇ ਕੰਡਕਟਰ ਨੂੰ ਇਲਾਜ ਲਈ ਸੁਭਾਨਪੁਰ ਦੇ ਐੱਸ. ਜੀ. ਐੱਲ. ਹਸਪਤਾਲ 'ਚ ਦਾਖ਼ਲ ਕਰਵਾਇਆ, ਉਥੇ ਹੀ ਸਕੂਲ ਬੱਸ ਦਾ ਡਰਾਈਵਰ ਫਰਾਰ ਦੱਸਿਆ ਜਾ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਸਵੇਰੇ ਪਿੰਡ ਬੂਟ ਨੇੜੇ ਕੈਂਬਰਿਜ ਸਕੂਲ ਦੀ ਬੱਸ (ਪੀ. ਬੀ-08-ਕੇ. ਐੱਫ਼-2453) ਅਤੇ ਪ੍ਰਿੰਸ ਬੱਸ (ਪੀ. ਬੀ-08-ਸੀ. ਡਬਲਿਊ-0717) ਵਿਚਕਾਰ ਆਹਮੋ-ਸਾਹਮਣੇ ਟੱਕਰ ਹੋ ਗਈ। ਜਿਸ ਤੋਂ ਬਾਅਦ ਦੋਵੇਂ ਬੱਸਾਂ ਸੜਕ ਕਿਨਾਰੇ ਲੱਗੇ ਦਰੱਖ਼ਤਾਂ ਨਾਲ ਟਕਰਾ ਗਈਆਂ। ਇਸ ਹਾਦਸੇ ਵਿੱਚ ਸਕੂਲੀ ਬੱਚਿਆਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਬਾਦਸ਼ਾਹਪੁਰ ਚੌਂਕੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵੇਂ ਵਾਹਨਾਂ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਡੀ. ਐੱਸ. ਪੀ. ਭੁਲੱਥ ਸੁਰਿੰਦਰਪਾਲ ਧੋਗੜੀ ਨੇ ਦਸਿਆ ਕਿ ਹਾਦਸੇ ਦੌਰਾਨ ਸਕੂਲੀ ਬੱਚੇ ਅਤੇ ਪ੍ਰਾਈਵੇਟ ਬੱਸ ਦੀਆਂ ਸਵਾਰੀਆਂ ਸੁਰੱਖਿਅਤ ਹਨ। ਹਾਦਸੇ ਉਪਰੰਤ ਸਕੂਲੀ ਬੱਚਿਆਂ ਨੂੰ ਤੁਰੰਤ ਦੂਜੀ ਬੱਸ ਰਾਹੀ ਸਕੂਲ ਪਹੁੰਚਾ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ।



# ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਰੇਲਵੇ ਸਟੇਸ਼ਨ ਦੀ ਅਚਨਚੇਤ ਚੈਕਿੰਗ




ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਐੱਸ. ਐੱਸ. ਪੀ. ਮਾਨਸਾ ਭਾਗੀਰਥ ਸਿੰਘ ਮੀਨਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਬੁਢਲਾਡਾ ਦੇ ਡੀ. ਐੱਸ. ਪੀ. ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਬੁਢਲਾਡਾ ਦੇ ਰੇਲਵੇ ਸਟੇਸ਼ਨ, ਬੱਸ ਸਟੈਂਡ ਅਤੇ ਪਬਲਿਕ ਥਾਵਾਂ ਦੀ ਚੈਕਿੰਗ ਕੀਤੀ ਗਈ। ਡੀ. ਐੱਸ. ਪੀ. ਮਨਜੀਤ ਸਿੰਘ ਔਲਖ ਨੇ ਗੱਲਬਾਤ ਕਰਦਿਆਂ ਕਿਹਾ ਕਿ ਆਜ਼ਾਦੀ ਦਿਹਾੜੇ ਦੇ ਮੱਦੇਨਜ਼ਰ ਪਬਲਿਕ ਥਾਵਾਂ ਦੀਆਂ ਅਚਨਚੇਤ ਚੈਕਿੰਗਾਂ ਜਾਰੀ ਰਹਿਣਗੀਆਂ। ਉਨ੍ਹਾਂ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਮਾੜੇ ਅਨਸਰ ਜਾਂ ਨਸ਼ਾ ਤਸਕਰ ਸਬੰਧੀ ਉਨ੍ਹਾਂ ਨੂੰ ਕੋਈ ਵੀ ਇਤਲਾਹ ਦੇ ਸਕਦਾ ਹੈ। ਉਨ੍ਹਾਂ ਸ਼ਹਿਰ ਦੇ ਹੋਟਲ, ਰੈਸਟੋਰੈਂਟ ਮਾਲਕਾਂ ਨੂੰ ਅਪੀਲ ਕੀਤੀ ਕਿ ਹੋਟਲ, ਰੈਸਟੋਰੈਂਟ ਵਿਚ ਠਹਿਰਣ ਵਾਲੇ ਅਣਜਾਣ ਵਿਅਕਤੀਆਂ ਦੀ ਇਤਲਾਹ ਉਨ੍ਹਾਂ ਨੂੰ ਦਿੱਤੀ ਜਾਵੇ। ਇਸ ਮੌਕੇ ਥਾਣਾ ਸਿਟੀ ਬੁਢਲਾਡਾ ਦੇ ਮੁਖੀ ਭਗਵੰਤ ਸਿੰਘ ਅਤੇ ਸਮੂਹ ਪੁਲਸ ਪ੍ਰਸ਼ਾਸਨ ਆਦਿ ਹਾਜ਼ਰ ਸਨ।

# ਵਰਕ ਵੀਜ਼ਾ ਲਗਵਾਉਣ ਦੇ ਨਾਂ ’ਤੇ 1.73 ਲੱਖ ਦੀ ਠੱਗੀ




ਵਰਕ ਵੀਜ਼ਾ ਅਪਲਾਈ ਕਰਨ ਦੇ ਨਾਂ ’ਤੇ 1 ਲੱਖ 73 ਹਜ਼ਾਰ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੰਚਕੂਲਾ ਵਾਸੀ ਰਾਹੁਲ ਕੁਮਾਰ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਸੈਕਟਰ-31 ਥਾਣੇ ਦੀ ਪੁਲਸ ਨੇ ਰਾਹੁਲ ਕੁਮਾਰ ਦੀ ਸ਼ਿਕਾਇਤ ਦੀ ਜਾਂਚ ਕਰਦਿਆਂ ਮੁਲਜ਼ਮ ਸ਼ਸ਼ਾਂਤ ਵਾਸੀ ਰਾਮਦਰਬਾਰ ਖ਼ਿਲਾਫ਼ ਧੋਖਾਧੜੀ ਤੇ ਸਾਜ਼ਿਸ਼ ਰਚਣ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੰਚਕੂਲਾ ਦੇ ਸੈਕਟਰ-5 ਦੇ ਰਾਹੁਲ ਕੁਮਾਰ ਨੇ ਸ਼ਿਕਾਇਤ ’ਚ ਦੱਸਿਆ ਕਿ ਉਸ ਨੇ ਵਿਦੇਸ਼ ਜਾਣ ਲਈ ਵਰਕ ਵੀਜ਼ਾ ਲਗਵਾਉਣਾ ਸੀ। ਇਸ ਦੌਰਾਨ ਮੁਲਾਕਾਤ ਰਾਮ ਦਰਬਾਰ ਦੇ ਸ਼ਸ਼ਾਂਤ ਨਾਲ ਹੋਈ। ਉਸ ਨੇ ਕਿਹਾ ਕਿ ਉਹ ਵਿਦੇਸ਼ ਭੇਜ ਦੇਵੇਗਾ। ਇਸ ਲਈ 2 ਲੱਖ ਰੁਪਏ ਮੰਗੇ। ਉਸ ਨੇ ਇਕ ਲੱਖ 73 ਹਜ਼ਾਰ ਰੁਪਏ ਤੇ ਦਸਤਾਵੇਜ਼ ਦਿੱਤੇ। ਇਸ ਤੋਂ ਬਾਅਦ ਨਾ ਤਾਂ ਵੀਜ਼ਾ ਅਪਲਾਈ ਕੀਤਾ ਗਿਆ ਤੇ ਨਾ ਹੀ ਪੈਸੇ ਦਿੱਤੇ ਗਏ। ਸੈਕਟਰ-31 ਥਾਣੇ ਦੀ ਪੁਲਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

# ਗਾਇਕ ਜੌਰਡਨ ਸੰਧੂ ਨੂੰ ਸਵੇਰੇ ਉੱਠਦੇ ਹੀ ਇਸ ਚੀਜ਼ ਤੋਂ ਲੱਗਦੈ ਬਹੁਤ ਡਰ



'ਬੇਬੇ ਦੀ ਪਸੰਦ' ਅਤੇ 'ਮੁੰਡਾ ਸਰਦਾਰਾਂ ਦਾ' ਵਰਗੇ ਗੀਤਾਂ ਨਾਲ ਪੰਜਾਬੀ ਮਿਊਜ਼ਿਕ ਇੰਡਸਟਰੀ 'ਚ ਧੂੰਮਾਂ ਪਾ ਰਹੇ ਜੌਰਡਨ ਸੰਧੂ ਇਸ ਸਮੇਂ ਆਪਣੇ ਕਈ ਨਵੇਂ ਪ੍ਰੋਜੈਕਟਾਂ 'ਚ ਰੁੱਝੇ ਹੋਏ ਹਨ। ਇਸ ਦੇ ਨਾਲ ਹੀ ਗਾਇਕ ਆਏ ਦਿਨ ਆਪਣੀ ਪਤਨੀ ਨਾਲ ਤਸਵੀਰਾਂ ਸਾਂਝੀਆਂ ਕਰਕੇ ਵੀ ਸੁਰਖ਼ੀਆਂ ਬਟੋਰ ਦੇ ਰਹਿੰਦੇ ਹਨ। ਹਾਲ ਹੀ 'ਚ ਗਾਇਕ ਨੇ ਨਿਰਦੇਸ਼ਕ ਜਗਦੀਪ ਸਿੱਧੂ ਦੇ ਸ਼ੋਅ 'ਦਿ ਜਗਦੀਪ ਸੰਧੂ ਸ਼ੋਅ' 'ਚ ਐਂਟਰੀ ਕੀਤੀ ਸੀ, ਜਿੱਥੇ ਗਾਇਕ ਨੇ ਆਪਣੇ ਜੀਵਨ ਬਾਰੇ ਕਾਫ਼ੀ ਖ਼ਾਸ ਗੱਲਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਹੀ ਗਾਇਕ ਨੇ ਇੱਕ ਅਜਿਹੀ ਗੱਲ ਦੱਸੀ, ਜਿਸ ਨੂੰ ਸੁਣਨ ਤੋਂ ਬਾਅਦ ਪ੍ਰਸ਼ੰਸਕ ਕਾਫੀ ਉਲਝਣ ਅਤੇ ਹੈਰਾਨ ਪਰੇਸ਼ਾਨ ਹਨ।ਦਰਅਸਲ, ਨਿਰਦੇਸ਼ਕ ਜਗਦੀਪ ਸਿੱਧੂ ਨੇ ਆਪਣੇ ਸ਼ੋਅ ਦਾ ਇੱਕ ਪ੍ਰੋਮੋ ਸਾਂਝਾ ਕੀਤਾ ਹੈ, ਜਿਸ 'ਚ ਉਹ ਗਾਇਕ ਜੌਰਡਨ ਸੰਧੂ ਨਾਲ ਗੱਲਬਾਤ ਕਰਦੇ ਨਜ਼ਰੀ ਆ ਰਹੇ ਹਨ। ਇਸ ਦੌਰਾਨ ਗਾਇਕ ਨੇ ਖੁਦ ਦੱਸਿਆ ਕਿ ਉਹ ਹਰ ਰੋਜ਼ ਜਦੋਂ ਸਵੇਰੇ ਉੱਠਦੇ ਹਨ ਤਾਂ ਉਹ ਕਾਫ਼ੀ ਡਰ 'ਚ ਹੁੰਦੇ ਹਨ। ਜਦੋਂ ਹੋਸਟ ਜਗਦੀਪ ਸਿੱਧੂ ਨੇ ਉਨ੍ਹਾਂ ਤੋਂ ਇਸ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ 'ਇਸ ਸੰਸਾਰ 'ਚ ਕੁੱਝ ਵੀ ਸਥਿਰ ਨਹੀਂ ਹੈ, ਸਭ ਕੁੱਝ ਟੈਂਪਰੇਰੀ ਹੈ। ਪਹਿਲਾਂ ਛੋਟੀਆਂ ਛੋਟੀਆਂ ਚੀਜ਼ਾਂ ਖੁਸ਼ੀ ਦਿੰਦੀਆਂ ਸਨ, ਹੁਣ ਵੱਡੀਆਂ ਚੀਜ਼ਾਂ ਵੀ ਖੁਸ਼ੀ ਨਹੀਂ ਦਿੰਦੀਆਂ।' ਦੱਸ ਦੇਈਏ ਕਿ ਇਸ ਸ਼ੋਅ ਦਾ ਪੂਰਾ ਐਪੀਸੋਡ ਇਸ ਸ਼ਨੀਵਾਰ 10 ਅਗਸਤ ਨੂੰ ਰਿਲੀਜ਼ ਹੋਵੇਗਾ। ਇਸ ਦੌਰਾਨ ਜੇਕਰ ਦੁਬਾਰਾ ਸ਼ੋਅ ਹੋਸਟ ਅਤੇ ਫ਼ਿਲਮ ਨਿਰਦੇਸ਼ਨ-ਲੇਖਕ ਜਗਦੀਪ ਸਿੱਧੂ ਬਾਰੇ ਗੱਲ ਕਰੀਏ ਤਾਂ ਉਹ ਇਸ ਸਮੇਂ ਆਪਣੀ ਨਵੀਂ ਬਾਲੀਵੁੱਡ ਫ਼ਿਲਮ 'ਸੰਨ ਆਫ ਸਰਦਾਰ 2' ਨੂੰ ਲੈ ਕੇ ਚਰਚਾ ਬਟੋਰ ਰਹੇ ਹਨ। ਇਸ ਫ਼ਿਲਮ ਨੂੰ ਲਿਖਿਆ ਜਗਦੀਪ ਸਿੱਧੂ ਨੇ ਹੈ। ਫ਼ਿਲਮ ਦੀ ਸ਼ੂਟਿੰਗ ਸ਼ੁਰੂ ਹੋ ਗਈ ਹੈ।

# ਪਾਲ ਸਿੰਘ ਸਮਾਓਂ ਨੇ ਭਰਾ ਦਾ ਫਰਜ਼ ਨਿਭਾਉਂਦੇ ਹੋਏ ਭੈਣਾਂ ਨੂੰ ਦਿੱਤਾ ਸੰਧਾਰਾ



ਪੰਜਾਬ 'ਚ ਤੀਆਂ ਦੇ ਮੇਲੇ ਦਾ ਆਯੋਜਨ ਵੱਖ ਵੱਖ ਪਿੰਡਾਂ 'ਚ ਕੀਤਾ ਜਾ ਰਿਹਾ ਹੈ। ਇਸ ਮੌਕੇ 'ਤੇ ਲੋਕ ਕਲਾਕਾਰ ਪਾਲ ਸਿੰਘ ਸਮਾਓਂ ਦੇ ਵੱਲੋਂ ਵੀ ਤੀਆਂ ਦੇ ਮੇਲੇ ਦਾ ਆਯੋਜਨ ਕੀਤਾ ਗਿਆ । ਜਿਸ 'ਚ ਪੰਜਾਬੀ ਇੰਡਸਟਰੀ ਦੀ ਮਸ਼ਹੂਰ ਅਦਾਕਾਰਾ ਨਿਰਮਲ ਰਿਸ਼ੀ, ਐਂਕਰ ਕਮਾਇਨੀ, ਬਾਪੂ ਬਲਕੌਰ ਸਿੰਘ ਸਿੱਧੂ ਸਣੇ ਕਈ ਹਸਤੀਆਂ ਸ਼ਾਮਲ ਹੋਈਆਂ ।ਤੀਆਂ ਦੇ ਇਸ ਮੇਲੇ 'ਚ ਭੈਣਾਂ ਨੇ ਨੱਚ ਗਾ ਕੇ ਇਸ ਤਿਉਹਾਰ ਦੀਆਂ ਖੁਸ਼ੀਆਂ ਸਾਂਝੀਆਂ ਕੀਤੀਆਂ । ਇਸ ਮੌਕੇ 'ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਾਪੂ ਬਲਕੌਰ ਸਿੰਘ ਵੀ ਪੁੱਜੇ ਅਤੇ ਉਨ੍ਹਾਂ ਨੇ ਪਾਲ ਸਿੰਘ ਸਮਾਓਂ ਦੇ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ।ਇਸ ਦੇ ਨਾਲ ਹੀ ਮੇਲੇ 'ਚ ਪੁੱਜੀਆਂ ਭੈਣਾਂ ਨੂੰ ਮਹਿੰਦੀ ਅਤੇ ਚੂੜੀਆਂ ਚੜਾਉਣ ਦੀ ਵੀ ਰਸਮ ਅਦਾ ਕੀਤੀ ਗਈ ਅਤੇ ਭੈਣਾਂ ਨੇ ਵੀ ਆਪਣੇ ਭਰਾ ਪਾਲ ਸਿੰਘ ਸਮਾਓਂ ਨੂੰ ਜੁਗ ਜੁਗ ਜਿਓਣ ਦੀਆਂ ਦੁਆਵਾਂ ਦਿੱਤੀਆਂ। ਇਸ ਮੌਕੇ ਕਈ ਭੈਣਾਂ ਭਾਵੁਕ ਵੀ ਹੋ ਗਈਆਂ ।ਪਾਲ ਸਿੰਘ ਸਮਾਓਂ ਨੇ ਨਿਭਾਇਆ ਭਰਾ ਦਾ ਫਰਜ਼ ਇਸ ਮੌਕੇ ਪਾਲ ਸਿੰਘ ਸਮਾਓਂ ਨੇ ਭਰਾ ਹੋਣ ਦਾ ਫਰਜ਼ ਨਿਭਾਇਆ ਅਤੇ ਮੇਲੇ 'ਚ ਪੁੱਜੀਆਂ ਭੈਣਾਂ ਨੂੰ ਸੂਟ, ਮਠਿਆਈਆਂ ਅਤੇ ਸੰਧਾਰੇ ਦਾ ਹੋਰ ਸਮਾਨ ਵੀ ਦਿੱਤਾ । ਅਦਾਕਾਰਾ ਨਿਰਮਲ ਰਿਸ਼ੀ ਨੂੰ ਜਦੋਂ ਪਾਲ ਸਿੰਘ ਸਮਾਓਂ ਨੇ ਸੰਧਾਰਾ ਦਿੱਤਾ ਤਾਂ ਉਹ ਵੀ ਭਾਵੁਕ ਹੁੰਦੇ ਹੋਏ ਨਜ਼ਰ ਆਏ ।




# ਪ੍ਰਭਾਸ ਦੀ 'ਕਲਕੀ 2898 AD' ਨੇ ਤੋੜਿਆ 'ਜਵਾਨ' ਦਾ ਰਿਕਾਰਡ

ਪ੍ਰਭਾਸ, ਦੀਪਿਕਾ ਪਾਦੂਕੋਣ, ਅਮਿਤਾਭ ਬੱਚਨ ਅਤੇ ਕਮਲ ਹਾਸਨ ਵਰਗੇ ਸਿਤਾਰਿਆਂ ਦੀ ਫ਼ਿਲਮ 'ਕਲਕੀ 2898 AD' 27 ਜੂਨ ਨੂੰ ਸਿਨੇਮਾਘਰਾਂ 'ਚ ਰਿਲੀਜ਼ ਹੋਈ ਸੀ, ਜਿਸ ਨਾਲ ਫ਼ਿਲਮ ਨੇ ਬਾਕਸ ਆਫਿਸ 'ਤੇ ਜ਼ਬਰਦਸਤ ਕਮਾਈ ਕੀਤੀ ਅਤੇ ਕਈ ਫ਼ਿਲਮਾਂ ਦੇ ਰਿਕਾਰਡ ਤੋੜ ਦਿੱਤੇ। ਹੁਣ 'ਕਲਕੀ 2898 AD' ਨੇ ਕਮਾਈ ਦੇ ਮਾਮਲੇ 'ਚ ਸ਼ਾਹਰੁਖ ਖ਼ਾਨ ਦੀ 'ਜਵਾਨ' ਨੂੰ ਪਿੱਛੇ ਛੱਡ ਦਿੱਤਾ ਹੈ। ਇਹ ਹੁਣ ਭਾਰਤ ਦੀ ਚੌਥੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਫ਼ਿਲਮ ਬਣ ਗਈ ਹੈ।ਪ੍ਰਭਾਸ ਦੀ 'ਕਲਕੀ 2898 AD' ਨੇ ਆਪਣੀ ਰਿਲੀਜ਼ ਦੇ 40ਵੇਂ ਦਿਨ ਕਮਾਈ ਦੇ ਮਾਮਲੇ 'ਚ ਸ਼ਾਹਰੁਖ ਦੀ 'ਜਵਾਨ' ਨੂੰ ਪਿੱਛੇ ਛੱਡ ਦਿੱਤਾ ਹੈ ਅਤੇ 'ਬਾਹੂਬਲੀ 2', 'KGF 2' ਅਤੇ 'RRR' ਤੋਂ ਬਾਅਦ ਚੌਥੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਭਾਰਤੀ ਫ਼ਿਲਮ ਬਣ ਗਈ ਹੈ। 'ਜਵਾਨ' ਦਾ ਲਾਈਫਟਾਈਮ ਕਲੈਕਸ਼ਨ 640.25 ਕਰੋੜ ਹੈ। ਟ੍ਰੇਡ ਮੀਡੀਆ ਰਿਪੋਰਟਾਂ ਮੁਤਾਬਕ, ਇਸ ਨੇ ਸਾਰੀਆਂ ਭਾਸ਼ਾਵਾਂ 'ਚ 640.38 ਕਰੋੜ ਰੁਪਏ ਦੇ ਅੰਕੜੇ ਨੂੰ ਛੂਹ ਕੇ ਜਵਾਨ ਨੂੰ ਪਿੱਛੇ ਛੱਡ ਦਿੱਤਾ ਹੈ।ਪ੍ਰਭਾਸ ਦੀ 'ਕਲਕੀ 2898 AD' ਨੇ ਆਪਣੇ ਪਹਿਲੇ ਹਫ਼ਤੇ 'ਚ 414.85 ਕਰੋੜ ਰੁਪਏ ਦੀ ਕਮਾਈ ਕੀਤੀ। ਇਸ ਨੇ ਦੂਜੇ ਹਫ਼ਤੇ 128.5 ਕਰੋੜ ਰੁਪਏ, ਤੀਜੇ ਹਫ਼ਤੇ 56.1 ਕਰੋੜ ਰੁਪਏ, ਚੌਥੇ ਹਫ਼ਤੇ 24.4 ਕਰੋੜ ਰੁਪਏ ਅਤੇ ਪੰਜਵੇਂ ਹਫ਼ਤੇ 12.1 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਇਸ ਸੋਮਵਾਰ ਦੀ 50 ਲੱਖ ਰੁਪਏ ਦੀ ਕਮਾਈ ਨਾਲ ਫ਼ਿਲਮ ਦਾ ਕੁੱਲ ਘਰੇਲੂ ਕਲੈਕਸ਼ਨ 640.15 ਰੁਪਏ ਹੋ ਗਿਆ। 'ਕਲਕੀ 2898 AD' 'ਚ ਪ੍ਰਭਾਸ, ਅਮਿਤਾਭ ਬੱਚਨ, ਦੀਪਿਕਾ ਪਾਦੂਕੋਣ ਅਤੇ ਕਮਲ ਹਾਸਨ ਵਰਗੇ ਕਲਾਕਾਰ ਹਨ। ਇਸ 'ਚ ਐੱਸ. ਐੱਸ. ਰਾਜਾਮੌਲੀ, ਦੁਲਕਰ ਸਲਮਾਨ, ਮ੍ਰਿਣਾਲ ਠਾਕੁਰ ਅਤੇ ਵਿਜੇ ਦੇਵਰਕੋਂਡਾ ਦੇ ਵਿਸ਼ੇਸ਼ ਕੈਮਿਓ ਵੀ ਹਨ।

# ਗਿੱਪੀ ਗਰੇਵਾਲ ਨੇ ਪਰਿਵਾਰ ਨਾਲ ਕੁਆਲਿਟੀ ਟਾਈਮ ਬਿਤਾਉਂਦੇ ਦੀਆਂ ਤਸਵੀਰਾਂ ਕੀਤੀਆਂ ਸਾਂਝੀਆਂ



ਮਸ਼ਹੂਰ ਪੰਜਾਬੀ ਗਾਇਕ ਗਿੱਪੀ ਗਰੇਵਾਲ ਕਿਸੇ ਪਛਾਣ ਦੇ ਮੋਹਤਾਜ਼ ਨਹੀਂ ਹਨ। ਗਾਇਕ ਪ੍ਰੋਫੈਸ਼ਨਲ ਲਾਈਫ ਦੇ ਨਾਲ-ਨਾਲ ਪਰਸਨਲ ਲਾਈਫ ਨੂੰ ਲੈ ਕੇ ਵੀ ਸੁਰਖੀਆਂ ਵਿੱਚ ਬਣੇ ਰਹਿੰਦੇ ਹਨ। ਪੰਜਾਬੀ ਫ਼ਿਲਮ ਇੰਡਸਟਰੀ ਦੇ ਮਸ਼ਹੂਰ ਅਦਾਕਾਰ ਅਤੇ ਗਾਇਕ ਗਿੱਪੀ ਗਰੇਵਾਲ ਉਨ੍ਹਾਂ ਅਦਾਕਾਰ ਵਿੱਚੋਂ ਇੱਕ ਹਨ ਜੋ ਸ਼ੋਸਲ ਮੀਡੀਆ ਵਿੱਚ ਕਾਫੀ ਐਕਟਿਵ ਰਹਿੰਦੇ ਹਨ।ਇੱਕ ਤਸਵੀਰ 'ਚ ਸਾਰਾ ਗਰੇਵਾਲ ਪਰਿਵਾਰ ਦਿਖਾਈ ਦੇ ਰਿਹਾ ਹੈ। ਜਦੋਂਕਿ ਇੱਕ ਹੋਰ ਤਸਵੀਰ 'ਚ ਸ਼ਿੰਦਾ ਅਤੇ ਏਕਮ ਗਰੇਵਾਲ ਮਸਤੀ ਕਰਦੇ ਦਿਖਾਈ ਦੇ ਰਹੇ ਹਨ । ਜਦੋਂਕਿ ਸਭ ਤੋਂ ਛੋਟਾ ਗੁਰਬਾਜ਼ ਗਰੇਵਾਲ ਬੀਚ ਦੇ ਕਿਨਾਰੇ ਹੱਥਾਂ 'ਚ ਮਿੱਟੀ ਲਏ ਹੋਏ ਮਸਤੀ ਕਰ ਰਿਹਾ ਹੈ। ਗਿੱਪੀ ਗਰੇਵਾਲ ਦੇ ਵਰਕ ਫ੍ਰੰਟ ਦੀ ਗੱਲ ਕਰੀਏ ਤਾਂ ਬਤੌਰ ਗਾਇਕ ਉਨ੍ਹਾਂ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਜਿਸ ਤੋਂ ਬਾਅਦ ਉਹ ਅਦਾਕਾਰੀ ਦੇ ਖੇਤਰ 'ਚ ਵੀ ਨਿੱਤਰੇ ਅਤੇ ਇੱਕ ਤੋਂ ਬਾਅਦ ਇੱਕ ਹਿੱਟ ਫ਼ਿਲਮਾਂ ਉਨ੍ਹਾਂ ਨੇ ਦਿੱਤੀਆਂ ਹਨ ।



# 'ਕਲੀ ਜੋਟਾ' ਦੇ ਨਿਰਦੇਸ਼ਕ ਹੀ ਕਰ ਰਹੇ ਨੇ ਅਜੇ ਦੇਵਗਨ ਦੀ ਇਸ ਫ਼ਿਲਮ ਨੂੰ ਡਾਇਰੈਕਟ




ਬਾਲੀਵੁੱਡ ਸਟਾਰ ਅਜੇ ਦੇਵਗਨ ਦੀ ਨਵੀਂ ਅਤੇ ਬਹੁ-ਚਰਚਿਤ ਸੀਕਵਲ ਫ਼ਿਲਮ 'ਸਨ ਆਫ ਸਰਦਾਰ 2' ਯੂਕੇ ਵਿਖੇ ਫਲੌਰ 'ਤੇ ਪੁੱਜ ਗਈ ਹੈ, ਜਿਸ ਦਾ ਨਿਰਦੇਸ਼ਨ ਪੰਜਾਬੀ ਸਿਨੇਮਾ ਦੇ ਸਫ਼ਲਤਮ ਨਿਰਦੇਸ਼ਕਾਂ 'ਚ ਅਪਣਾ ਸ਼ੁਮਾਰ ਕਰਵਾਉਂਦੇ ਵਿਜੇ ਕੁਮਾਰ ਅਰੋੜਾ ਕਰ ਰਹੇ ਹਨ, ਜੋ ਇਸ ਫ਼ਿਲਮ ਨਾਲ ਬਤੌਰ ਨਿਰਦੇਸ਼ਕ ਹਿੰਦੀ ਸਿਨੇਮਾ 'ਚ ਇੱਕ ਨਵੀਂ ਅਤੇ ਪ੍ਰਭਾਵੀ ਪਾਰੀ ਦਾ ਆਗਾਜ਼ ਕਰਨ ਜਾ ਰਹੇ ਹਨ। 'ਜੀਓ ਸਟੂਡਿਓਜ਼', 'ਦੇਵਗਨ ਫਿਲਮਜ਼' ਅਤੇ 'ਪਨੋਰਮਾ ਸਟੂਡਿਓਜ਼' ਵੱਲੋਂ ਸੁਯੰਕਤ ਰੂਪ 'ਚ ਨਿਰਮਿਤ ਕੀਤੀ ਜਾ ਰਹੀ ਇਸ ਕਾਮੇਡੀ ਡ੍ਰਾਮੈਟਿਕ ਫ਼ਿਲਮ ਦਾ ਨਿਰਮਾਣ ਅਜੇ ਦੇਵਗਨ, ਕੁਮਾਰ ਮੰਗਤ ਪਾਠਕ, ਜਯੋਤੀ ਦੇਸ਼ਪਾਂਡੇ, ਐਨ ਆਰ ਪਚੀਸੀਆ ਅਤੇ ਪ੍ਰਵੀਨ ਤਲਰੇਜਾ ਕਰ ਰਹੇ ਹਨ, ਜਿਨ੍ਹਾਂ ਵੱਲੋਂ ਵਿਸ਼ਾਲ ਕੈਨਵਸ ਅਧੀਨ ਬਣਾਈ ਜਾ ਰਹੀ ਇਸ ਫ਼ਿਲਮ ਦੀ ਸ਼ੂਟਿੰਗ ਅਗਲੇ ਕਈ ਦਿਨਾਂ ਤੱਕ ਲੰਡਨ ਵਿਖੇ ਜਾਰੀ ਰਹੇਗੀ, ਜਿਸ 'ਚ ਬਾਲੀਵੁੱਡ ਦੇ ਕਈ ਨਾਮੀ ਗਿਰਾਮੀ ਐਕਟਰਜ਼ ਹਿੱਸਾ ਲੈਣਗੇ।ਹਾਲ ਹੀ ਦੇ ਸਮੇਂ 'ਚ ਸਾਹਮਣੇ ਆਈਆਂ ਅਤੇ ਸੁਪਰ-ਡੁਪਰ ਹਿੱਟ ਰਹੀਆਂ 'ਕਲੀ ਜੋਟਾ' ਅਤੇ 'ਗੋਡੇ ਗੋਡੇ ਚਾਅ' ਦਾ ਨਿਰਦੇਸ਼ਨ ਕਰ ਚੁੱਕੇ ਨਿਰਦੇਸ਼ਕ ਵਿਜੇ ਕੁਮਾਰ ਅਰੋੜਾ ਦੀ ਨਿਰਦੇਸ਼ਕ ਦੇ ਰੂਪ 'ਚ ਇਹ ਪਹਿਲੀ ਹਿੰਦੀ ਫ਼ਿਲਮ ਹੈ, ਜਿਨ੍ਹਾਂ ਦੇ ਫ਼ਿਲਮੀ ਕਰੀਅਰ ਲਈ ਇੱਕ ਹੋਰ ਅਹਿਮ ਟਰਨਿੰਗ ਪੁਆਇੰਟ ਸਾਬਿਤ ਹੋਣ ਜਾ ਰਹੀ ਹੈ ਇਹ ਫ਼ਿਲਮ, ਜਿਸ ਨੂੰ ਲੈ ਕੇ ਉਹ ਕਾਫ਼ੀ ਉਤਸ਼ਾਹਿਤ ਨਜ਼ਰ ਆ ਰਹੇ ਹਨ।

# Vijay Verma ਨੇ ਸਾਂਝੀ ਕੀਤੀ RIP ਮੈਸੇਜ ਵਾਲੀ ਆਪਣੀ ਤਸਵੀਰ



ਗਲੈਮਰ ਇੰਡਸਟਰੀ 'ਚ ਅਦਾਕਾਰਾਂ ਲਈ ਆਪਣੇ ਆਪ ਨੂੰ ਅਤੇ ਆਪਣੇ ਕੰਮ ਦਾ ਪ੍ਰਚਾਰ ਕਰਨਾ ਬਹੁਤ ਜ਼ਰੂਰੀ ਹੈ। ਪਰ ਅਜਿਹਾ ਕਰਦਿਆਂ ਉਹ ਅਕਸਰ ਹੱਦਾਂ ਪਾਰ ਕਰ ਜਾਂਦੇ ਹਨ। ਉਹ ਕੁਝ ਅਜਿਹਾ ਕਰ ਦਿੰਦੇ ਹਨ, ਜਿਸ ਲਈ ਉਨ੍ਹਾਂ ਨੂੰ ਟ੍ਰੋਲਿੰਗ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲ ਹੀ 'ਚ ਵਿਜੇ ਵਰਮਾ ਨੇ ਵੀ ਕੁਝ ਅਜਿਹਾ ਹੀ ਕੀਤਾ ਹੈ।ਵਿਜੇ ਵਰਮਾ, ਇੱਕ ਮਸ਼ਹੂਰ ਬਾਲੀਵੁੱਡ ਅਦਾਕਾਰ ਹੋਣ ਤੋਂ ਇਲਾਵਾ, ਇੱਕ ਵੱਡੇ OTT ਕਲਾਕਾਰ ਵੀ ਹਨ। ਪ੍ਰਸ਼ੰਸਕ ਉਨ੍ਹਾਂ ਨੂੰ 'ਡਾਰਲਿੰਗਸ', 'ਲਸਟ ਸਟੋਰੀਜ਼ 2' ਅਤੇ 'ਮਿਰਜ਼ਾਪੁਰ' ਕਰਕੇ ਜਾਣਦੇ ਹਨ। ਫਿਲਮ ਡਾਰਲਿੰਗਸ 'ਚ ਉਨ੍ਹਾਂ ਦੀ ਅਦਾਕਾਰੀ ਦੀ ਕਾਫੀ ਤਾਰੀਫ ਹੋਈ ਸੀ। ਇਹੀ ਕਾਰਨ ਹੈ ਕਿ ਆਲੀਆ ਭੱਟ ਅਤੇ ਸ਼ੈਫਾਲੀ ਸ਼ਾਹ ਦੀ ਮੌਜੂਦਗੀ ਵਿੱਚ ਵੀ ਲੋਕਾਂ ਨੇ ਉਸਦੀ ਅਦਾਕਾਰੀ ਨੂੰ ਦੇਖਿਆ। ਪਰ ਹਾਲ ਹੀ 'ਚ ਵਿਜੇ ਵਰਮਾ ਤੋਂ ਇਕ ਗਲਤੀ ਹੋ ਗਈ, ਜਿਸ ਲਈ ਉਨ੍ਹਾਂ ਨੂੰ ਮੁਆਫੀ ਵੀ ਮੰਗਣੀ ਪਈ।ਦੱਸ ਦਈਏ ਕਿ ਵਿਜੇ ਵਰਮਾ ਨੇ ਹਾਲ ਹੀ 'ਚ ਆਪਣੀ ਮੌਤ ਨਾਲ ਜੁੜੀ ਇਕ ਪੋਸਟ ਸ਼ੇਅਰ ਕੀਤੀ ਹੈ। ਉਨ੍ਹਾਂ ਨੇ ਆਪਣੀ ਇਕ ਤਸਵੀਰ ਸ਼ੇਅਰ ਕੀਤੀ ਹੈ, ਜਿਸ 'ਚ ਉਹ ਕੈਪਟਨ ਦੇ ਲੁੱਕ 'ਚ ਨਜ਼ਰ ਆ ਰਹੇ ਹਨ। ਇਸ ਦੇ ਨਾਲ ਲਿਖਿਆ ਹੈ, 'ਹਮਜ਼ਾ ਅਬਦੁਲ ਸ਼ੇਖ। ਪਿਆਰ ਕਰਨ ਵਾਲਾ ਪਤੀ ਅਤੇ ਜਵਾਈ। ਸੋਮਵਾਰ ਸ਼ਾਮ 5:30 ਵਜੇ ਕੁਰਾਨਖਾਨੀ ਦੀ ਨਮਾਜ਼।ਵਿਜੇ ਦੀ ਇਸ ਪੋਸਟ ਨੂੰ ਦੇਖ ਕੇ ਕਈ ਪ੍ਰਸ਼ੰਸਕ ਹੈਰਾਨ ਰਹਿ ਗਏ। ਇਸ ਲਈ ਲੋਕਾਂ ਨੇ ਉਸ ਨੂੰ ਟ੍ਰੋਲ ਵੀ ਕੀਤਾ। ਇਕ ਯੂਜ਼ਰ ਨੇ ਕੁਮੈਂਟ ਕੀਤਾ- 'ਇਸ ਤਰ੍ਹਾਂ ਦੀਆਂ ਖ਼ਬਰਾਂ ਨੂੰ ਸਾਂਝਾ ਕਰਕੇ ਦਿਲ ਦੁਖੀ ਨਾ ਕਰੋ।' ਇਕ ਨੇ ਲਿਖਿਆ, 'ਮੈਨੂੰ ਕੁਝ ਸਕਿੰਟਾਂ ਲਈ ਦਿਲ ਦਾ ਦੌਰਾ ਪੈ ਗਿਆ।'ਦਰਅਸਲ ਵਿਜੇ ਵਰਮਾ ਦੀ ਫਿਲਮ 'ਡਾਰਲਿੰਗਸ' ਨੂੰ ਦੋ ਸਾਲ ਬੀਤ ਚੁੱਕੇ ਹਨ। ਇਸ ਫਿਲਮ 'ਚ ਉਨ੍ਹਾਂ ਨੇ ਹਮਜ਼ਾ ਸ਼ੇਖ ਦਾ ਕਿਰਦਾਰ ਨਿਭਾਇਆ ਸੀ। ਹਮਜ਼ਾ ਇੱਕ ਆਦਮੀ ਸੀ ਜੋ ਆਪਣੀ ਪਤਨੀ ਨੂੰ ਕੁੱਟਦਾ ਸੀ ਅਤੇ ਬਦਲਾ ਲੈਣ ਲਈ ਇੱਕ ਦਿਨ ਉਸ ਦੀ ਪਤਨੀ ਉਸ ਨੂੰ ਮਾਰ ਦਿੰਦੀ ਹੈ। ਵਿਜੇ ਨੇ ਇਸ ਨਾਲ ਜੁੜੀ ਪੋਸਟ ਸ਼ੇਅਰ ਕਰਦੇ ਹੋਏ ਲਿਖਿਆ, 'ਹਮਜ਼ਾ ਨੂੰ ਸਵਰਗ ਦੀ ਯਾਤਰਾ ਲਈ ਸਾਨੂੰ ਛੱਡ ਕੇ ਦੋ ਸਾਲ ਹੋ ਗਏ ਹਨ। ਹਮਜ਼ਾ ਪਿਆਰੇ ਤੁਹਾਨੂੰ ਬਹੁਤ ਯਾਦ ਕਰਦੇ ਹਨ।

# 'ਇਸਤਰੀ-2' ਦਾ ਪ੍ਰੇਮ ਗੀਤ 'ਤੁਮਹਾਰੇ ਹੀ ਰਹੇਂਗੇ ਹਮ' ਰਿਲੀਜ਼



ਮੈਡਾਕ ਫਿਲਮਜ਼ ਨੇ ਬਹੁਤ ਹੀ ਉਡੀਕੀ ਜਾ ਰਹੀ ਫਿਲਮ 'ਇਸਤਰੀ-2' ਦਾ ਪ੍ਰੇਮ ਗੀਤ 'ਤੁਮਹਾਰੇ ਹੀ ਰਹੇਂਗੇ ਹਮ' ਰਿਲੀਜ਼ ਕੀਤਾ ਹੈ। 'ਆਜ ਕੀ ਰਾਤ' ਅਤੇ 'ਆਈ ਨਈ' ਦੀ ਵੱਡੀ ਸਫਲਤਾ ਤੋਂ ਬਾਅਦ ਇਹ ਟਰੈਕ ਯਕੀਨੀ ਤੌਰ 'ਤੇ ਹਿੱਟ ਹੋਵੇਗਾ। 6 ਸਾਲਾਂ ਬਾਅਦ ਫਿਰ ਪਿਆਰ 'ਚ ਡੁੱਬੇ ਸ਼ਰਧਾ ਕਪੂਰ ਤੇ ਰਾਜਕੁਮਾਰ ਰਾਓ ਨੇ 'ਤੁਮਹਾਰੇ ਹੀ ਰਹੇਂਗੇ ਹਮ' 'ਚ ਮਨਮੋਹਕ ਪ੍ਰਦਰਸ਼ਨ ਕੀਤਾ। ਉਨ੍ਹਾਂ ਦੀ ਆਨ-ਸਕਰੀਨ ਕੈਮਿਸਟਰੀ ਨੂੰ ਇਸ ਪਿਆਰੇ ਗੀਤ ਵਿਚ ਖੂਬਸੂਰਤੀ ਨਾਲ ਕੈਦ ਕੀਤਾ ਗਿਆ ਹੈ, ਜੋ ਇਕ ਭਾਵਨਾਤਮਕ ਅਨੁਭਵ ਬਣਾਉਂਦਾ ਹੈ। ਇਸ ਗੀਤ ਨੂੰ ਮਸ਼ਹੂਰ ਜੋੜੀ ਸਚਿਨ-ਜਿਗਰ ਨੇ ਕੰਪੋਜ਼ ਕੀਤਾ ਹੈ। ਵਰੁਣ ਜੈਨ, ਸ਼ਿਲਪਾ ਰਾਓ ਤੇ ਸਚਿਨ-ਜਿਗਰ ਦੀਆਂ ਰੂਹਾਨੀ ਆਵਾਜ਼ਾਂ ਅਮਿਤਾਭ ਭੱਟਾਚਾਰੀਆ ਦੇ ਗੀਤਾਂ ਨੂੰ ਜੀਵੰਤ ਬਣਾਉਂਦੀਆਂ ਹਨ।

internationalnews

www.hsnnews.in

# 'ਕਾਗਨੀਜ਼ੈਂਟ' ਕੰਪਨੀ ਭਾਰਤੀ ਸੂਬੇ 'ਚ ਸਥਾਪਿਤ ਕਰੇਗੀ ਨਵਾਂ ਕੇਂਦਰ



ਰੇਵੰਤ ਰੈਡੀ ਮੁੱਖ ਮੰਤਰੀ ਤੇਲੰਗਾਨਾ ਆਪਣੇ ਰਾਜ ਵਿੱਚ ਨਿਵੇਸ਼ ਲਿਆਉਣ ਦੇ ਉਦੇਸ਼ ਨਾਲ ਵਿਦੇਸ਼ਾਂ ਦਾ ਦੌਰਾ ਕਰ ਰਹੇ ਹਨ। ਇਸ ਯਾਤਰਾ ਦੇ ਹਿੱਸੇ ਵਜੋਂ ਅਮਰੀਕਾ ਦੀਆਂ ਕਈ ਕੰਪਨੀਆਂ ਦੇ ਪ੍ਰਤੀਨਿਧੀਆਂ ਨਾਲ ਅਹਿਮ ਮੀਟਿੰਗਾਂ ਕੀਤੀਆਂ ਗਈਆਂ। ਇਸ ਕ੍ਰਮ ਵਿੱਚ ਮੁੱਖ ਮੰਤਰੀ ਰੇਵੰਤ ਰੈੱਡੀ ਦੀ ਟੀਮ ਨੇ ਆਈ.ਟੀ ਦਿੱਗਜ ਕਾਗਨੀਜੈਂਟ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ। ਹਾਲਾਂਕਿ ਇਹ ਮੀਟਿੰਗ ਬਹੁਤ ਸਫਲ ਰਹੀ। ਕਾਗਨੀਜ਼ੈਂਟ ਹੈਦਰਾਬਾਦ ਵਿੱਚ ਇੱਕ ਨਵਾਂ ਕੇਂਦਰ ਖੋਲ੍ਹਣ ਲਈ ਅੱਗੇ ਆਇਆ ਹੈ। ਜੇਕਰ ਇਹ ਕੇਂਦਰ ਸ਼ੁਰੂ ਹੋ ਜਾਂਦਾ ਹੈ ਤਾਂ ਕਰੀਬ 15 ਹਜ਼ਾਰ ਦੇ ਕਰੀਬ ਲੋਕਾਂ ਨੂੰ ਨੌਕਰੀਆਂ ਮਿਲਣਗੀਆਂ। ਰੇਵੰਤ ਰੈੱਡੀ ਵੱਡੇ ਨਿਵੇਸ਼ ਦੇ ਉਦੇਸ਼ ਨਾਲ ਅਮਰੀਕਾ ਦੇ ਦੌਰੇ 'ਤੇ ਹਨ। ਦੌਰੇ ਦੇ ਹਿੱਸੇ ਵਜੋਂ, ਰੇਵੰਤ ਰੈਡੀ ਵੱਖ-ਵੱਖ ਕੰਪਨੀਆਂ ਦੇ ਪ੍ਰਤੀਨਿਧੀਆਂ ਨੂੰ ਮਿਲ ਰਹੇ ਹਨ, ਉਨ੍ਹਾਂ ਨੂੰ ਸੂਬੇ ਵਿੱਚ ਨਿਵੇਸ਼ ਕਰਨ ਦਾ ਸੱਦਾ ਦੇ ਰਹੇ ਹਨ। ਇਸ ਦੌਰਾਨ ਕਾਗਨੀਜੈਂਟ ਕੰਪਨੀ ਤੇਲੰਗਾਨਾ ਵਿੱਚ ਇੱਕ ਵਿਸ਼ਾਲ ਵਿਸਤਾਰ ਯੋਜਨਾ ਲੈ ਕੇ ਆਈ ਹੈ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਹੈਦਰਾਬਾਦ ਵਿੱਚ ਲਗਭਗ 15 ਹਜ਼ਾਰ ਲੋਕਾਂ ਨੂੰ ਨੌਕਰੀਆਂ ਪ੍ਰਦਾਨ ਕਰਨ ਲਈ ਲਗਭਗ 10 ਲੱਖ ਵਰਗ ਫੁੱਟ ਦੇ ਖੇਤਰ ਵਿੱਚ ਇੱਕ ਨਵਾਂ ਕੇਂਦਰ ਸਥਾਪਿਤ ਕੀਤਾ ਜਾਵੇਗਾ। ਅਮਰੀਕਾ ਦੌਰੇ 'ਤੇ ਗਏ ਰੇਵੰਤ ਰੈਡੀ ਨਾਲ ਆਈ.ਟੀ ਮੰਤਰੀ ਸ਼੍ਰੀਧਰ ਬਾਬੂ ਅਤੇ ਅਧਿਕਾਰੀਆਂ ਦੀ ਇੱਕ ਟੀਮ ਨੇ ਕਾਗਨੀਜੈਂਟ ਦੇ ਸੀਈਓ ਰਵੀਕੁਮਾਰ ਅਤੇ ਕੰਪਨੀ ਦੇ ਵਫ਼ਦ ਨਾਲ ਮੁਲਾਕਾਤ ਕੀਤੀ। ਮੀਟਿੰਗ ਵਿੱਚ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਨੀਂਹ ਪਿਛਲੇ ਸਾਲ ਮੁੱਖ ਮੰਤਰੀ ਦੀ ਟੀਮ ਦੇ ਦੌਰੇ ਦੌਰਾਨ ਰੱਖੀ ਗਈ ਸੀ।ਹੈਦਰਾਬਾਦ ਤਕਨਾਲੋਜੀ ਅਤੇ ਨਵੀਨਤਾ ਲਈ ਵਿਕਾਸ ਦੇ ਕੇਂਦਰ ਵਜੋਂ ਹਰ ਕਿਸੇ ਦਾ ਧਿਆਨ ਖਿੱਚ ਰਿਹਾ ਹੈ। ਇਸੇ ਲਈ ਕਾਗਨੀਜ਼ੈਂਟ ਕੰਪਨੀ ਨੇ ਹੈਦਰਾਬਾਦ ਵਿੱਚ ਆਪਣੀ ਕੰਪਨੀ ਦੇ ਵਿਸਤਾਰ ਦਾ ਪੱਖ ਪੂਰਿਆ ਹੈ। ਕਾਗਨੀਜੈਂਟ ਦੇ ਸੀ.ਈ.ਓ ਐਸ. ਰਵੀਕੁਮਾਰ ਨੇ ਕਿਹਾ ਕਿ ਉਹ ਹੈਦਰਾਬਾਦ ਵਿੱਚ ਆਪਣੀ ਕੰਪਨੀ ਦਾ ਵਿਸਤਾਰ ਕਰਕੇ ਖੁਸ਼ ਹਨ, ਜੋ ਕਿ ਇੱਕ ਤਕਨਾਲੋਜੀ ਅਤੇ ਨਵੀਨਤਾ ਕੇਂਦਰ ਵਜੋਂ ਆਪਣੀ ਸਮਰੱਥਾ ਦਿਖਾ ਰਹੀ ਹੈ। ਉਨ੍ਹਾਂ ਨੇ ਕਿਹਾ ਹੈਦਰਾਬਾਦ ਵਿੱਚ Cognizant ਦਾ ਨਵਾਂ ਕੇਂਦਰ ਦੁਨੀਆ ਭਰ ਵਿੱਚ ਆਪਣੇ ਗਾਹਕਾਂ ਦੀ ਬਿਹਤਰ ਸੇਵਾ ਕਰਨ ਵਿੱਚ ਮਦਦ ਕਰੇਗਾ। ਰਵੀਕੁਮਾਰ ਨੇ ਕਿਹਾ ਕਿ ਉਨ੍ਹਾਂ ਦੀ ਕੰਪਨੀ ਸਲਾਹ-ਮਸ਼ਵਰੇ ਦੇ ਨਾਲ-ਨਾਲ ਆਈਟੀ ਸੇਵਾਵਾਂ ਵਿੱਚ ਅਤਿ-ਆਧੁਨਿਕ ਹੱਲ ਪ੍ਰਦਾਨ ਕਰਦੀ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਨਵਾਂ ਕੇਂਦਰ ਵਿਸ਼ੇਸ਼ ਤੌਰ 'ਤੇ ਆਰਟੀਫੀਸ਼ੀਅਲ ਇੰਟੈਲੀਜੈਂਸ, ਮਸ਼ੀਨ ਲਰਨਿੰਗ, ਡਿਜੀਟਲ ਇੰਜੀਨੀਅਰਿੰਗ ਦੇ ਨਾਲ-ਨਾਲ ਕਲਾਉਡ ਹੱਲਾਂ ਸਮੇਤ ਵੱਖ-ਵੱਖ ਉੱਨਤ ਤਕਨੀਕਾਂ 'ਤੇ ਧਿਆਨ ਕੇਂਦਰਿਤ ਕਰੇਗਾ।


ਇਸ ਮੌਕੇ ਬੋਲਦਿਆਂ ਰੇਵੰਤ ਰੈਡੀ ਨੇ ਕਿਹਾ ਕਿ ਜਨਤਕ ਸਰਕਾਰ ਹੈਦਰਾਬਾਦ ਸਮੇਤ ਪੂਰੇ ਤੇਲੰਗਾਨਾ ਵਿੱਚ ਆਈ.ਟੀ ਸੈਕਟਰ ਲਈ ਵਧੇਰੇ ਅਨੁਕੂਲ ਮਾਹੌਲ ਬਣਾਉਣ ਲਈ ਦ੍ਰਿੜ ਹੈ। ਕਾਗਨੀਜ਼ੈਂਟ ਦਾ ਮੰਨਣਾ ਹੈ ਕਿ ਨਵੇਂ ਕੇਂਦਰ ਦੀ ਸਥਾਪਨਾ ਨਾਲ ਸਾਰੀਆਂ ਗਲੋਬਲ ਟੈਕਨਾਲੋਜੀ ਕੰਪਨੀਆਂ ਹੈਦਰਾਬਾਦ ਨੂੰ ਆਪਣੀ ਮੁੱਖ ਮੰਜ਼ਿਲ ਵਜੋਂ ਚੁਣਨਗੀਆਂ। Cognizant ਕੰਪਨੀ ਨੂੰ ਜ਼ਰੂਰੀ ਸਹਾਇਤਾ ਪ੍ਰਦਾਨ ਕਰੇਗਾ। ਮੁੱਖ ਮੰਤਰੀ ਰੇਵੰਤ ਰੈਡੀ ਦਾ ਮੰਨਣਾ ਹੈ ਕਿ ਨਵੇਂ ਕੇਂਦਰ ਦੀ ਸਥਾਪਨਾ ਨਾਲ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਾਲ-ਨਾਲ ਰਾਜ ਦੀ ਆਰਥਿਕਤਾ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ। ਕੰਪਨੀ ਦੇ ਨੁਮਾਇੰਦਿਆਂ ਨੇ ਮੁੱਖ ਮੰਤਰੀ ਰੇਵੰਤ ਰੈੱਡੀ ਦੁਆਰਾ ਹੈਦਰਾਬਾਦ ਦੇ ਨਾਲ-ਨਾਲ ਤੇਲੰਗਾਨਾ ਦੇ ਦੂਜੇ ਟੀਅਰ-2 ਸ਼ਹਿਰਾਂ ਵਿੱਚ ਆਈ.ਟੀ ਸੇਵਾਵਾਂ ਦਾ ਵਿਸਤਾਰ ਕਰਨ ਲਈ ਦਿੱਤੇ ਸੁਝਾਅ 'ਤੇ ਆਪਣੀ ਸਕਾਰਾਤਮਕ ਰਾਏ ਜ਼ਾਹਰ ਕੀਤੀ। ਆਈ.ਟੀ ਮੰਤਰੀ ਸ਼੍ਰੀਧਰ ਬਾਬੂ ਦਾ ਵਿਚਾਰ ਹੈ ਕਿ ਸਾਰੀਆਂ ਪ੍ਰਮੁੱਖ ਤਕਨੀਕੀ ਕੰਪਨੀਆਂ ਪਹਿਲਾਂ ਹੀ ਹੈਦਰਾਬਾਦ ਵੱਲ ਦੇਖ ਰਹੀਆਂ ਹਨ ਅਤੇ ਇੱਥੇ ਇੱਕ ਨਵਾਂ ਕੇਂਦਰ ਸਥਾਪਤ ਕਰਨ ਦਾ ਕਾਗਨੀਜ਼ੈਂਟ ਦਾ ਫ਼ੈਸਲਾ ਹੈਦਰਾਬਾਦ ਦੇ ਵਿਕਾਸ ਵਿੱਚ ਯੋਗਦਾਨ ਪਾਵੇਗਾ।

# ਲੇਬਨਾਨ ਨੇ ਇਜ਼ਰਾਈਲ 'ਤੇ ਸੁੱਟੇ 30 ਰਾਕੇਟ




ਲੇਬਨਾਨ ਤੋਂ ਉੱਤਰੀ ਇਜਰਾਈਲ ਵਿਚ ਲਗਭਗ 30 ਰਾਕੇਟ ਸੁੱਟੇ ਗਏ, ਜਿਨ੍ਹਾਂ 'ਚ ਜ਼ਿਆਦਾਤਰ ਨੂੰ ਰਸਤੇ 'ਚ ਹੀ ਮਾਰ ਸੁੱਟਿਆ ਗਿਆ। ਇਜ਼ਰਾਈਲ ਰੱਖਿਆ ਫੋਰਸ (ਆਈ. ਡੀ. ਐੱਫ਼.) ਨੇ ਐਤਵਾਰ ਨੂੰ ਦੱਸਿਆ ਕਿ ਉੱਤਰੀ ਇਜ਼ਰਾਈਲ 'ਚ ਲੇਬਨਾਨ ਤੋਂ ਇਕ ਰਾਕੇਟ ਹਮਲਾ ਕੀਤਾ ਗਿਆ ਅਤੇ ਕਈ ਰਾਕੇਟਸ ਨੂੰ ਇਜ਼ਰਾਈਲ ਦੀ ਆਇਰਨ ਡੋਮ ਮਿਸਾਈਲ ਰੱਖਿਆ ਪ੍ਰਣਾਲੀ ਵੱਲੋਂ ਮਾਰ ਸੁੱਟਿਆ ਗਿਆ। ਲੇਬਨਾਨੀ ਸ਼ੀਆ ਅੰਦੋਲਨ ਹਿਜਬੁੱਲ੍ਹਾ ਨੇ ਦੱਸਿਆ ਕਿ ਉਸ ਨੇ ਉੱਤਰੀ ਇਜ਼ਰਾਈਲ ਦੇ ਬੇਤ ਹਿਲੇਲ ਸ਼ਹਿਰ ਵੱਲ ਰਾਕੇਟ ਦਾਗੇ ਹਨ। ਆਈ. ਡੀ. ਐੱਫ਼. ਨੇ ਦੱਸਿਆ ਕਿ ਹਮਲੇ ਵਿਚ ਕੋਈ ਵੀ ਜ਼ਖਮੀ ਨਹੀਂ ਹੋਇਆ। ਉਸ ਨੇ ਕਿਹਾ ਕਿ ਜਵਾਬੀ ਕਾਰਵਾਈ 'ਚ ਉਸ ਨੇ ਹਿਜਬੁੱਲਾ ਦੇ ਰਾਕੇਟ ਲਾਂਚਰ 'ਤੇ ਹਮਲੇ ਕੀਤੇ। ਇਸ ਤੋਂ ਇਲਾਵਾ ਦੱਖਣੀ ਲਿਬਨਾਨ ਦੇ ਮਰਜਾਯੋਨ ਇਲਾਕੇ 'ਚ ਹੋਰ ਅੱਤਵਾਦੀ ਬੁਨਿਆਦੀ ਢਾਂਚੇ 'ਤੇ ਹਮਲਾ ਕੀਤਾ ਗਿਆ।

# 'ਇੱਕ ਪੌਦਾ ਆਪਣੀ ਮਾਂ ਦੇ ਨਾਮ' ਮੁਹਿੰਮ ਹੇਠ ਇਟਲੀ 'ਚ ਰੋਮ ਦੂਤਘਰ ਅਧਿਕਾਰੀਆਂ ਨੇ ਲਾਏ ਬੂਟੇ



ਵਾਤਾਵਰਣ ਨੂੰ ਸ਼ੁੱਧ ਅਤੇ ਹਰਿਆਵਲਾ ਬਣਾਉਣ ਲਈ ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਮੁਹਿੰਮ 'ਇੱਕ ਪੌਦਾ ਆਪਣੀ ਮਾਂ ਦੇ ਨਾਂ' ਨੂੰ ਵਿਦੇਸ਼ਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਭਾਰਤ ਸਰਕਾਰ ਦੁਆਰਾ ਸ਼ੁਰੂ ਕੀਤੀ ਇਸ ਮੁਹਿੰਮ ਨੂੰ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਲੋਕ ਭਰਵਾਂ ਸਹਿਯੋਗ ਦੇ ਰਹੇ ਹਨ। ਜਿਸ ਦੇ ਤਹਿਤ ਇਟਲੀ ਦੇ ਸ਼ਹਿਰ ਲਵੀਨੀਓ ਵਿਖੇ ਸਥਾਪਿਤ ਹਿੰਦੂ ਟੈਂਮਲ ਸ੍ਰੀ ਸਨਾਤਨ ਧਰਮ ਮੰਦਰ ਲਵੀਨੀਓ ਵਿਖੇ 50 ਫੱਲਦਾਰ ਬੂਟੇ ਲਾਕੇ ਇਸ ਮੁਹਿੰਮ ਦਾ ਵਿਦੇਸ਼ੀ ਧਰਤੀ ਤੋਂ ਅਗਾਜ ਕੀਤਾ ਗਿਆ ਹੈ।ਇਸ ਮੌਕੇ ਭਾਰਤੀ ਦੂਤਘਰ ਰੋਮ ਤੋਂ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ ਡਿਪਟੀ ਚੀਫ਼ ਸ੍ਰੀ ਅਮਰਾਰਾਮ ਜੀ ਦੁਆਰਾ ਆਪਣੇ ਕਰ ਕਮਲਾਂ ਨਾਲ ਬੂਟੇ ਲਾਉਣ ਦੀ ਸ਼ੁਰੂਆਤ ਕੀਤੀ ਗਈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਇੱਕ ਮਾਂ ਆਪਣੇ ਬੱਚੇ ਦੀ ਚੰਗੀ ਪਰਵਰਿਸ਼ ਕਰਦੀ ਹੈ ਸਾਡਾ ਫਰਜ ਬਣਦਾ ਹੈ ਕਿ ਆਪਣੀ ਮਾਂ ਦੇ ਨਾਂ ਬੂਟਾ ਲਾਕੇ ਉਸਦੀ ਚੰਗੇ ਤਰੀਕੇ ਦੇਖਭਾਲ ਵੀ ਕਰੀਏ ਤਾਂ ਜੋ ਉਹ ਪੌਦਾ ਵੱਡਾ ਹੋਕੇ ਸੰਘਣੀ ਛਾਂ ਦੇ ਸਕੇ। ਇਸ ਮੌਕੇ ਭਾਰਤੀ ਅੰਬੈਸੀ ਅਧਿਕਾਰੀਆਂ ਤੋਂ ਇਲਾਵਾ ਦਲਬੀਰ ਭੱਟੀ, ਵਿਸ਼ਨੂੰ ਕੁਮਾਰ. ਪੰਕਜ ਆਨੰਦ, ਬਖ਼ਸ਼ੀਸ਼ ਸਿੰਘ, ਰਵਿੰਦਰ, ਕਰਨ ਭਨੋਟ, ਜਗਮਲ, ਸੋਨੀ, ਸੰਜੀਵ ਕੁਮਾਰ, ਰੀਟਾ ਭੱਟੀ, ਰਾਖੀ ਆਨੰਦ , ਰਜਨੀ ਬਾਲਾਂ ਅਤੇ ਮੋਨਿਕਾ ਸੋਨੀ ਆਦਿ ਸਮਾਜ ਸੇਵੀ ਸ਼ਖਸੀਅਤਾਂ ਵੀ ਹਾਜ਼ਰ ਸਨ ਜਿੰਨ੍ਹਾਂ ਵੱਲੋ ਚੰਗੇ ਵਾਤਾਵਰਣ ਲਈ ਪੌਦੇ ਲਾਕੇ ਸਹਿਯੋਗ ਦਿੱਤਾ ਗਿਆ।

# ਭਾਰਤੀ ਮੂਲ ਦੇ ਗੁਜਰਾਤੀ ਜੱਜ ਨੇ 'ਗੂਗਲ' ਖ਼ਿਲਾਫ਼ ਸੁਣਾਇਆ ਇਤਿਹਾਸਕ ਫ਼ੈਸਲਾ



ਕੋਲੰਬੀਆ ਡਿਸਟ੍ਰਿਕਟ ਕੋਰਟ ਆਫ ਅਮਰੀਕਾ ਦੇ ਜਸਟਿਸ ਅਮਿਤ ਪੀ. ਮਹਿਤਾ ਦਾ ਪੂਰਾ ਨਾਂ ਅਮਿਤ ਪ੍ਰਿਯਵਦਨ ਮਹਿਤਾ ਹੈ। ਉਹ ਇੱਕ ਅਮਰੀਕੀ ਅਟਾਰਨੀ ਸੀ ਅਤੇ 2014 ਤੋਂ ਕੋਲੰਬੀਆ ਵਿੱਚ ਸੰਯੁਕਤ ਰਾਜ ਦੀ ਜ਼ਿਲ੍ਹਾ ਅਦਾਲਤ ਦੇ ਜ਼ਿਲ੍ਹਾ ਜੱਜ ਵਜੋਂ ਸੇਵਾ ਨਿਭਾ ਰਿਹਾ ਹੈ। ਲੰਬੇ ਸਮੇਂ ਤੋਂ ਚੱਲ ਰਹੇ ਮੁਕੱਦਮੇ ਤੋਂ ਬਾਅਦ, ਉਸ ਵੱਲੋਂ ਤਕਨਾਲੋਜੀ ਕੰਪਨੀ 'ਗੂਗਲ' ਕੇਸ ਵਿੱਚ ਇੱਕ ਇਤਿਹਾਸਕ ਫ਼ੈਸਲਾ ਦਿੱਤਾ ਗਿਆ ਹੈ। ਜਿਸ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਕਿ ਵਿਸ਼ਾਲ ਫਰਮ ਆਪਣੇ ਅਧਿਕਾਰ ਦੀ ਦੁਰਵਰਤੋਂ ਕਰ ਰਹੀ ਹੈ।

ਅਮਰੀਕਾ ਦੀ ਕੋਲੰਬੀਆ ਜ਼ਿਲ੍ਹਾ ਅਦਾਲਤ ਨੇ ਕਿਹਾ ਕਿ ਤਕਨੀਕੀ ਦਿੱਗਜ ਗੂਗਲ ਨੇ ਆਪਣਾ ਦਬਦਬਾ ਵਧਾਉਣ ਲਈ ਗੈਰ-ਕਾਨੂੰਨੀ ਤੌਰ 'ਤੇ ਕਾਰੋਬਾਰੀ ਸ਼ਕਤੀ ਦੀ ਵਰਤੋਂ ਕੀਤੀ ਹੈ। ਅਦਾਲਤ ਨੇ ਸਵੀਕਾਰ ਕੀਤਾ ਕਿ ਗੂਗਲ ਸਰਚ ਇੰਜਣ (ਗੂਗਲ ਕੇਸ) ਦਾ ਦਬਦਬਾ ਹੈ, ਪਰ ਅਦਾਲਤ ਅਨੁਸਾਰ ਅਜਿਹਾ ਇਸ ਲਈ ਹੈ ਕਿਉਂਕਿ ਕੰਪਨੀ ਇੱਕ ਏਕਾਧਿਕਾਰ ਹੈ। ਗੱਲ ਇਹ ਹੈ ਕਿ ਇਹ ਇੱਕ ਅਮਰੀਕੀ ਅਦਾਲਤ ਅਤੇ ਇੱਕ ਅਮਰੀਕੀ ਕੰਪਨੀ ਹੈ। ਪਰ ਫ਼ੈਸਲਾ ਦੇਣ ਵਾਲਾ ਇਹ ਜੱਜ ਭਾਰਤੀ ਮੂਲ ਦਾ ਗੁਜਰਾਤੀ ਹੈ, ਜੋ ਹੁਣ ਕਾਨੂੰਨ ਦੀ ਪਾਲਣਾ ਕਰਨ ਵਾਲੇ ਭਾਰਤੀ ਅਮਰੀਕੀ ਨਾਗਰਿਕ ਵਜੋਂ ਮਸ਼ਹੂਰ ਹੋ ਰਿਹਾ ਹੈ। ਜਸਟਿਸ ਅਮਿਤ ਪੀ .ਮਹਿਤਾ ਨੂੰ 22 ਦਸੰਬਰ 2014 ਨੂੰ ਡਿਸਟ੍ਰਿਕਟ ਆਫ਼ ਕੋਲੰਬੀਆ ਕੋਰਟ ਵਿੱਚ ਨਿਯੁਕਤ ਕੀਤਾ ਗਿਆ ਸੀ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਉਨ੍ਹਾਂ ਦੀ ਨਿਯੁਕਤੀ ਨੂੰ ਮਨਜ਼ੂਰੀ ਦਿੱਤੀ ਸੀ। ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮਾਮਲੇ ਦੀ ਸੁਣਵਾਈ ਵੀ ਜਸਟਿਸ ਅਮਿਤ.ਪੀ. ਮਹਿਤਾ ਨੇ ਕੀਤੀ। ਅਮਿਤ ਮਹਿਤਾ ਨੇ ਇਸ ਤੋਂ ਪਹਿਲਾਂ 6 ਜਨਵਰੀ ਦੇ ਕੈਪੀਟਲ ਦੰਗਿਆਂ ਨਾਲ ਸਬੰਧਤ ਕੇਸਾਂ ਦਾ ਵੀ ਫ਼ੈਸਲਾ ਕੀਤਾ ਸੀ। ਇਸ ਵਿੱਚ ਉਸ ਨੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਦੰਗੇ ਭੜਕਾਉਣ ਦੇ ਦੋਸ਼ ਵਿੱਚ ਸਿਵਲ ਮੁਕੱਦਮੇ ਨੂੰ ਖਾਰਜ ਕਰਨ ਦੀਆਂ ਕੋਸ਼ਿਸ਼ਾਂ ਨੂੰ ਰੱਦ ਕਰ ਦਿੱਤਾ। 2022 ਵਿੱਚ ਉਸ ਨੇ ਸਾਬਕਾ ਰਾਸ਼ਟਰਪਤੀ 'ਤੇ ਹਮਲਿਆਂ ਲਈ ਕਾਨੂੰਨੀ ਜ਼ਿੰਮੇਵਾਰੀ ਦਾ ਦੋਸ਼ ਲਗਾਉਣ ਵਾਲੇ ਮੁਕੱਦਮੇ ਨੂੰ ਖਾਰਜ ਕਰਨ ਦੇ ਡੋਨਾਲਡ ਟਰੰਪ ਦੇ ਯਤਨਾਂ ਨੂੰ ਰੱਦ ਕਰ ਦਿੱਤਾ ਸੀ। ਇੱਕ ਫ਼ੈਸਲੇ ਵਿੱਚ ਉਸਨੇ ਲਿਖਿਆ, "ਰਾਸ਼ਟਰਪਤੀ ਨੂੰ ਸਿਵਲ ਹਰਜਾਨੇ ਦੀ ਛੋਟ ਤੋਂ ਵਾਂਝਾ ਕਰਨਾ ਕੋਈ ਛੋਟਾ ਕਦਮ ਨਹੀਂ ਹੈ। ਅਦਾਲਤ ਇਸ ਦੀ ਗੰਭੀਰਤਾ ਨੂੰ ਚੰਗੀ ਤਰ੍ਹਾਂ ਸਮਝਦੀ ਹੈ

# ਬੰਗਲਾਦੇਸ਼ 'ਚ 400 ਪੁਲਸ ਥਾਣਿਆਂ 'ਚ ਭੰਨਤੋੜ




ਅਸ਼ਾਂਤ ਬੰਗਲਾਦੇਸ਼ 'ਚ ਸੱਤਾ ਪਰਿਵਰਤਨ ਕਾਰਨ ਕਾਨੂੰਨ ਵਿਵਸਥਾ ਅਤੇ ਪੁਲਸ ਵਿਵਸਥਾ ਪੂਰੀ ਤਰ੍ਹਾਂ ਟੁੱਟ ਗਈ ਹੈ। ਪਿਛਲੇ ਦੋ ਦਿਨਾਂ ਵਿੱਚ ਹਿੰਸਕ ਭੀੜ ਨੇ ਲਗਭਗ 400 ਪੁਲਸ ਸਟੇਸ਼ਨਾਂ 'ਤੇ ਹਮਲਾ ਕੀਤਾ ਹੈ ਅਤੇ ਘੱਟੋ-ਘੱਟ 50 ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਮਾਰ ਦਿੱਤਾ ਹੈ। ਬੁੱਧਵਾਰ ਨੂੰ ਮੀਡੀਆ ਰਿਪੋਰਟਾਂ 'ਚ ਇਹ ਗੱਲ ਕਹੀ ਗਈ ਹੈ। ਦੇਸ਼ 'ਚ ਚੱਲ ਰਹੀ ਸਿਆਸੀ ਉਥਲ-ਪੁਥਲ ਦੌਰਾਨ ਜ਼ਿਆਦਾਤਰ ਪੁਲਸ ਮੁਲਾਜ਼ਮਾਂ ਨੇ ਸੁਰੱਖਿਅਤ ਥਾਵਾਂ 'ਤੇ ਸ਼ਰਨ ਲਈ ਹੈ। ਜਿਸ ਕਾਰਨ ਦੇਸ਼ ਦੇ ਕਈ ਥਾਣਿਆਂ ਵਿੱਚ ਇੱਕ ਵੀ ਪੁਲਸ ਮੁਲਾਜ਼ਮ ਨਹੀਂ ਹੈ।


'ਢਾਕਾ ਦੀ ਰਿਪੋਰਟ ਅਨੁਸਾਰ ਪਿਛਲੀ ਅਵਾਮੀ ਲੀਗ ਸਰਕਾਰ ਦੇ ਕਰੀਬੀ ਮੰਨੇ ਜਾਂਦੇ ਬਹੁਤੇ ਸੀਨੀਅਰ ਅਧਿਕਾਰੀ ਰੂਪੋਸ਼ ਹੋ ਗਏ ਹਨ। ਮੀਡੀਆ ਰਿਪੋਰਟਾਂ ਅਨੁਸਾਰ ਲਗਭਗ 400 ਪੁਲਸ ਸਟੇਸ਼ਨਾਂ ਨੂੰ ਹਿੰਸਕ ਭੀੜ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਜਿਸ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਲੁੱਟਿਆ ਗਿਆ ਅਤੇ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ। ਮੀਡੀਆ ਰਿਪੋਰਟਾਂ ਦੱਸਦੀਆਂ ਹਨ ਕਿ ਪੁਲਸ ਥਾਣਿਆਂ 'ਤੇ ਹਮਲੇ ਸੋਮਵਾਰ ਦੁਪਹਿਰ ਤੋਂ ਸ਼ੁਰੂ ਹੋ ਕੇ ਰਾਤ ਤੱਕ ਬੱਡਾ, ਜਾਤਰਬਾੜੀ, ਵਟਾਰਾ, ਅਬਾਦੋਰ, ਮੀਰਪੁਰ, ਉੱਤਰ ਪੂਰਬ, ਮੁਹੰਮਦਪੁਰ, ਸ਼ਾਹ ਅਲੀ ਅਤੇ ਪਲਟਨ ਸਮੇਤ ਵੱਖ-ਵੱਖ ਥਾਣਿਆਂ 'ਤੇ ਚੱਲਦੇ ਰਹੇ। ਕਈ ਥਾਵਾਂ 'ਤੇ ਸੁਰੱਖਿਆ ਬਲਾਂ ਅਤੇ ਹਿੰਸਕ ਭੀੜ ਵਿਚਾਲੇ ਝੜਪਾਂ ਹੋਈਆਂ, ਜਿਸ ਕਾਰਨ ਕਈ ਥਾਣਿਆਂ ਨੂੰ ਤਬਾਹ ਕਰ ਦਿੱਤਾ ਗਿਆ।ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਕੁਰਸੀਆਂ, ਪੱਖੇ, ਮੇਜ਼ ਅਤੇ ਹੋਰ ਸਾਮਾਨ ਚੋਰੀ ਕਰ ਲਿਆ। ਢਾਕਾ ਟ੍ਰਿਬਿਊਨ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ, "ਕੋਈ ਵੀ ਆਪਣੇ ਥਾਣਿਆਂ ਅਤੇ ਦਫ਼ਤਰਾਂ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ ਹੈ ਕਿਉਂਕਿ ਸੋਮਵਾਰ ਤੋਂ ਸ਼ੁਰੂ ਹੋਏ ਹਿੰਸਕ ਪ੍ਰਦਰਸ਼ਨਾਂ ਅਤੇ ਜਨਤਕ ਰੋਹ ਵਿੱਚ 50 ਤੋਂ ਵੱਧ ਪੁਲਸ ਮੁਲਾਜ਼ਮਾਂ ਨੇ ਆਪਣੀ ਜਾਨ ਗੁਆ ਦਿੱਤੀ ਹੈ।" ਪ੍ਰਤੀਕੂਲ ਹਾਲਤ ਕਾਰਨ ਮੌਤਾਂ ਦੀ ਗਿਣਤੀ ਅਨਿਸ਼ਚਿਤ ਹੈ। ਢਾਕਾ ਦੇ ਬਾਹਰ ਸਥਿਤ ਇੱਕ ਪੁਲਸ ਸੁਪਰਡੈਂਟ ਨੇ ਕਿਹਾ ਕਿ ਵਿਆਪਕ ਤਬਾਹੀ ਕਾਰਨ ਬਹਾਲ ਹੋਣ ਵਿੱਚ ਸਮਾਂ ਲੱਗੇਗਾ। ਉਨ੍ਹਾਂ ਅੱਗੇ ਕਿਹਾ ਕਿ 1971 ਤੋਂ ਬਾਅਦ ਸਾਨੂੰ ਕਦੇ ਵੀ ਅਜਿਹੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਪੁਲਸ ਅਧਿਕਾਰੀਆਂ ਨੇ ਪੁਲਸ ਦੇ ਸਿਆਸੀਕਰਨ 'ਤੇ ਅਸੰਤੁਸ਼ਟੀ ਜ਼ਾਹਰ ਕੀਤੀ ਅਤੇ ਉਨ੍ਹਾਂ ਨੂੰ ਅਮਨ-ਕਾਨੂੰਨ ਦੀ ਵਿਵਸਥਾ ਨੂੰ ਸੁਤੰਤਰ ਤੌਰ 'ਤੇ ਲਾਗੂ ਕਰਨ ਦੀ ਆਪਣੀ ਡਿਊਟੀ ਨਿਭਾਉਣ ਤੋਂ ਰੋਕਿਆ।

# ਇਕ ਇੰਜਣ ਵਾਲਾ ਜਹਾਜ਼ ਹਾਦਸਾਗ੍ਰਸਤ, ਚਾਰ ਲੋਕਾਂ ਦੀ ਮੌਤ



ਓਕਲਾਹੋਮਾ ਸਿਟੀ ਵਿਚ ਮੰਗਲਵਾਰ ਦੁਪਹਿਰ ਨੂੰ ਇਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿਚ ਸਵਾਰ ਚਾਰ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਓਕਲਾਹੋਮਾ ਸਿਟੀ ਦੇ ਫਾਇਰ ਚੀਫ ਜੌਨ ਚੇਨੋਵੇਥ ਨੇ ਦੱਸਿਆ ਕਿ ਇਕ ਇੰਜਣ ਵਾਲੇ ਜਹਾਜ਼ 'ਤੇ ਸਵਾਰ ਚਾਰ ਲੋਕ ਦੁਪਹਿਰ 1:30 ਵਜੇ ਦੇ ਕਰੀਬ ਸ਼ਹਿਰ ਦੇ ਬਾਹਰੀ ਹਿੱਸੇ 'ਤੇ ਸਨਡੈਂਸ ਹਵਾਈ ਅੱਡੇ 'ਤੇ ਹਾਦਸਾਗ੍ਰਸਤ ਹੋ ਗਏ। ਚੇਨੋਵੇਥ ਨੇ ਕਿਹਾ ਕਿ ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (NTSB) ਅਤੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ (FAA) ਨੂੰ ਹਾਦਸੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ। ਹਾਲਾਂਕਿ FAA, NTSB ਅਤੇ Sundance Airport ਪ੍ਰਬੰਧਨ ਨੇ ਅਜੇ ਤੱਕ ਜਹਾਜ਼ ਹਾਦਸੇ 'ਤੇ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

# ਭਾਰਤ ਵਿੱਚ ਭਗਵਾਨ ਗਣੇਸ਼ ਦੇ ਚੋਟੀ ਦੇ 15 ਸਭ ਤੋਂ ਮਸ਼ਹੂਰ ਮੰਦਰ



ਸ਼੍ਰੀ ਸਿੱਧਵਿਨਾਇਕ ਗਣਪਤੀ ਮੰਦਰ ਭਾਰਤ ਵਿੱਚ ਭਗਵਾਨ ਸ਼੍ਰੀ ਗਣੇਸ਼ ਦਾ ਸਭ ਤੋਂ ਮਸ਼ਹੂਰ ਮੰਦਰ ਹੈ ਅਤੇ ਮਹਾਰਾਸ਼ਟਰ ਦੇ ਪ੍ਰਸਿੱਧ ਗਣਪਤੀ ਮੰਦਰਾਂ ਵਿੱਚੋਂ ਇੱਕ ਹੈ। ਸਿੱਧਵਿਨਾਇਕ ਮੰਦਿਰ ਭਾਰਤ ਦੇ ਸਭ ਤੋਂ ਅਮੀਰ ਮੰਦਰ ਟਰੱਸਟ ਵਿੱਚੋਂ ਇੱਕ ਹੈ ਅਤੇ ਗਣੇਸ਼ ਚਤੁਰਥੀ ਦੇ ਦੌਰਾਨ ਮੰਦਰ ਦਾ ਦੌਰਾ ਕਰਨਾ ਲਾਜ਼ਮੀ ਹੈ।



ਸ਼੍ਰੀਮੰਤ ਦਗਦੂਸ਼ੇਠ ਹਲਵਾਈ ਗਣਪਤੀ ਮੰਦਿਰ ਮਹਾਰਾਸ਼ਟਰ ਵਿੱਚ ਸਭ ਤੋਂ ਪ੍ਰਸਿੱਧ ਗਣੇਸ਼ ਮੰਦਰ ਹੈ ਅਤੇ ਪੁਣੇ ਵਿੱਚ ਇੱਕ ਪ੍ਰਮੁੱਖ ਆਕਰਸ਼ਣ ਹੈ। ਦਗਦੂਸ਼ੇਠ ਗਣਪਤੀ ਟਰੱਸਟ ਮਹਾਰਾਸ਼ਟਰ ਦੇ ਸਭ ਤੋਂ ਅਮੀਰਾਂ ਵਿੱਚੋਂ ਇੱਕ ਹੈ ਅਤੇ ਆਪਣੀ ਸੁਨਹਿਰੀ ਮੂਰਤੀ ਲਈ ਪੂਰੇ ਦੇਸ਼ ਵਿੱਚ ਮਸ਼ਹੂਰ ਹੈ।



ਕਨੀਪਕਮ ਵਿਨਾਇਕ ਮੰਦਿਰ ਜਾਂ ਸ੍ਰੀ ਵਾਰਾਸਿਧੀ ਵਿਨਾਇਕ ਸਵਾਮੀ ਮੰਦਿਰ ਭਾਰਤ ਦੇ ਇਤਿਹਾਸਕ ਮੰਦਰਾਂ ਵਿੱਚੋਂ ਇੱਕ ਹੈ, ਜੋ ਆਂਧਰਾ ਪ੍ਰਦੇਸ਼ ਦੇ ਚਿਤੂਰ ਜ਼ਿਲ੍ਹੇ ਵਿੱਚ ਸਥਿਤ ਹੈ। ਸ਼੍ਰੀ ਵਾਰਾਸਿਧੀ ਵਿਨਾਇਕ ਸਵਾਮੀ ਮੰਦਿਰ ਤਿਰੂਪਤੀ ਤੋਂ 75 ਕਿਲੋਮੀਟਰ ਦੂਰ ਸਥਿਤ ਹੈ।



ਮਸ਼ਹੂਰ ਡੋਡਾ ਗਣੇਸ਼ ਮੰਦਿਰ ਬੈਂਗਲੁਰੂ ਦੇ ਬਸਵਾਨਗੁੜੀ ਵਿੱਚ ਬੁਲ ਟੈਂਪਲ ਰੋਡ 'ਤੇ ਸਥਿਤ ਹੈ। ਡੋਡਾ ਗਣਪਤੀ ਮੰਦਰ ਦੀ ਮੂਰਤੀ 18 ਫੁੱਟ ਉਚਾਈ ਅਤੇ 16 ਫੁੱਟ ਚੌੜਾਈ ਹੈ, ਇਹ ਕਰਨਾਟਕ ਰਾਜ ਸੈਰ-ਸਪਾਟਾ ਵਿਕਾਸ ਨਿਗਮ ਦੇ ਪ੍ਰਮੁੱਖ ਆਕਰਸ਼ਣਾਂ ਵਿੱਚੋਂ ਇੱਕ ਹੈ।



ਸ਼੍ਰੀ ਮਹਾ ਗਣਪਤੀ ਮੰਦਰ ਕੇਰਲ ਦਾ ਸਭ ਤੋਂ ਮਹੱਤਵਪੂਰਨ ਮਹਾ ਗਣਪਤੀ ਮੰਦਰ ਹੈ। ਕੋਟਾਰਾਕਾਰਾ ਸ਼੍ਰੀ ਮਹਾਗਣਪਤੀ ਖੇਤਰਰਾਮ ਤੀਰਥ ਕੇਂਦਰ ਕੰਪਲੈਕਸ ਵਿੱਚ ਭਗਵਾਨ ਸ਼ਿਵ, ਦੇਵੀ ਪਾਰਵਤੀ, ਭਗਵਾਨ ਗਣੇਸ਼, ਭਗਵਾਨ ਮੁਰੂਗਨ, ਭਗਵਾਨ ਅਯੱਪਨ, ਅਤੇ ਨਾਗਰਾਜ ਦੇਵਤਿਆਂ ਦੇ ਮੰਦਰ ਹਨ, ਮੁੱਖ ਦੇਵਤਾ ਭਗਵਾਨ ਸ਼ਿਵ ਹਨ ਪਰ ਮੁੱਖ ਤਰਜੀਹ ਭਗਵਾਨ ਗਣੇਸ਼ ਨੂੰ ਦਿੱਤੀ ਜਾਂਦੀ ਹੈ।




ਅਸ਼ਟਵਿਨਾਇਕ ਯਾਤਰਾ ਮਹਾਰਾਸ਼ਟਰ ਵਿੱਚ ਪੁਣੇ ਦੇ ਆਲੇ-ਦੁਆਲੇ ਸਥਿਤ ਭਗਵਾਨ ਗਣੇਸ਼ ਦੇ ਅੱਠ ਪ੍ਰਾਚੀਨ ਪਵਿੱਤਰ ਮੰਦਰਾਂ ਨੂੰ ਕਵਰ ਕਰਦੀ ਹੈ। ਅਸ਼ਟਵਿਨਾਇਕ ਦੇ ਅੱਠ ਮੰਦਰ ਅਤੇ ਮੂਰਤੀਆਂ ਮੋਰੇਸ਼ਵਰ ਮੰਦਰ, ਸਿੱਧੀਵਿਨਾਇਕ ਮੰਦਰ, ਬੱਲਾਲੇਸ਼ਵਰ ਮੰਦਰ, ਵਰਦਵਿਨਾਇਕ ਮੰਦਰ, ਚਿੰਤਾਮਣੀ ਮੰਦਰ, ਗਿਰੀਜਾਤਮਜ ਮੰਦਰ, ਵਿਘਨਹਾਰ ਮੰਦਰ ਅਤੇ ਮਹਾਗਣਪਤੀ ਮੰਦਰ ਹਨ। ਗੋਕਰਨ ਮਹਾਗਣਪਤੀ ਮੰਦਰ, ਗੋਕਰਨ ਗੋਕਰਨਾ ਵਿਖੇ ਮਹਾਗਣਪਤੀ ਮੰਦਿਰ ਮਹਾਬਲੇਸ਼ਵਰ ਮੰਦਿਰ ਦੇ ਨੇੜੇ ਸੜਕ ਦੇ ਵਿਚਕਾਰ ਸਥਿਤ ਹੈ ਅਤੇ ਇੱਕ ਬਹੁਤ ਹੀ ਪ੍ਰਸਿੱਧ ਤੀਰਥ ਸਥਾਨ ਹੈ ਜਿਸ ਵਿੱਚ ਇੱਕ ਖੜ੍ਹੀ ਸਥਿਤੀ ਵਿੱਚ ਭਗਵਾਨ ਗਣੇਸ਼ ਦੀ ਕਾਲੀ ਮੂਰਤੀ ਹੈ। ਚਿੰਤਾਮਨ ਗਣੇਸ਼ ਮੰਦਰ, ਉਜੈਨ ਕਸ਼ੀਪਰਾ ਨਦੀ ਦੇ ਪਾਰ ਉਜੈਨ ਵਿੱਚ ਚਿੰਤਾਮਨ ਭਗਵਾਨ ਗਣੇਸ਼ ਮੰਦਿਰ ਗਣੇਸ਼ ਦਾ ਇੱਕ ਪ੍ਰਸਿੱਧ ਮੰਦਰ ਹੈ ਅਤੇ ਉਜੈਨ ਵਿੱਚ ਉਸਦੀਆਂ ਦੋ ਪਤਨੀਆਂ ਸਿੱਧੀ ਅਤੇ ਰਿਧੀ ਦੇ ਨਾਲ ਪ੍ਰਾਚੀਨ ਮੰਦਰ ਹੈ। ਤ੍ਰਿਨੇਤਰ ਗਣੇਸ਼ ਮੰਦਰ, ਰਣਥੰਬੋਰ ਰਣਥੰਭੌਰ ਦੇ ਕਿਲੇ ਵਿੱਚ ਤ੍ਰਿਨੇਤਰ ਗਣੇਸ਼ ਮੰਦਰ ਰਣਥੰਭੋਰ ਨੈਸ਼ਨਲ ਪਾਰਕ ਅਤੇ ਰਣਥੰਭੌਰ ਪਹਾੜੀ ਕਿਲ੍ਹੇ ਦੇ ਨਾਲ-ਨਾਲ ਰਾਜਸਥਾਨ ਵਿੱਚ ਭਗਵਾਨ ਗਣੇਸ਼ ਦਾ ਇੱਕ ਪ੍ਰਸਿੱਧ ਮੰਦਰ, ਰਣਥੰਬੋਰ ਵਿੱਚ ਦੇਖਣ ਲਈ ਸਭ ਤੋਂ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਮਨਕੁਲਾ ਵਿਨਯਾਗਰ ਮੰਦਿਰ, ਪਾਂਡੀਚੇਰੀ ਮਨਕੁਲਾ ਵਿਨਾਯਾਗਰ ਮੰਦਿਰ ਪੁਡੂਚੇਰੀ ਵਿੱਚ ਸਭ ਤੋਂ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ ਅਤੇ ਮਸ਼ਹੂਰ ਪ੍ਰੋਮੇਨੇਡ ਬੀਚ ਦੇ ਨੇੜੇ ਇੱਕ ਤੀਰਥ ਸਥਾਨ ਵੀ ਹੈ। ਮਧੁਰ ਮਹਾਗਣਪਤੀ ਮੰਦਿਰ, ਕਾਸਰਗੋਡ ਕੇਰਲਾ ਦੇ ਕਾਸਰਗੋਡ ਕਸਬੇ ਵਿੱਚ ਮਧੁਰ ਮਹਾਗਣਪਤੀ ਮੰਦਰ ਇੱਕ ਪ੍ਰਸਿੱਧ ਸ਼ਿਵ ਅਤੇ ਗਣਪਤੀ ਮੰਦਰ ਹੈ, ਜੋ ਕਿ ਪ੍ਰਾਚੀਨ ਤੁਲੁਨਾਡੂ ਦੇ ਛੇ ਗਣਪਤੀ ਮੰਦਰਾਂ ਵਿੱਚੋਂ ਇੱਕ ਹੈ।

ਬੋਹਰਾ ਗਣੇਸ਼ ਮੰਦਿਰ ਵੀ ਉਦੈਪੁਰ ਵਿੱਚ ਭਗਵਾਨ ਗਣੇਸ਼ ਦਾ ਇੱਕ ਮਸ਼ਹੂਰ ਮੰਦਰ ਹੈ, ਭਾਰਤ ਵਿੱਚ ਪ੍ਰਸਿੱਧ ਗਣੇਸ਼ ਮੰਦਰਾਂ ਦੀ ਸੂਚੀ ਵਿੱਚ ਪੁਣੇ ਦਾ ਦਸ਼ਭੁਜਾ ਗਣਪਤੀ ਮੰਦਰ, ਜੈਪੁਰ ਦਾ ਬੁੱਢਾ ਗਣੇਸ਼ ਮੰਦਰ, ਕਲਾਮਾਸੇਰੀ ਮਹਾਗਣਪਤੀ ਮੰਦਰ ਕੇਰਲਾ, ਇੰਦੌਰ ਦਾ ਖਜਰਾਨਾ ਗਣੇਸ਼ ਮੰਦਰ, ਮਹਾਮਾਮਯਾ ਗਣਪਤੀ ਤੇ ਮਹਾਮਾਇਆ ਗਣਪਤੀ ਮੰਦਰ ਵੀ ਸ਼ਾਮਲ ਹੈ। ਕਰਨਾਟਕ ਦਾ ਅਤੇ ਕੁਰਨੂਲ ਵਿੱਚ ਸਵਯੰਭੂ ਸ਼੍ਰੀ ਅਭਿਸਤ ਗਿਆਨ ਗਣਪਤੀ ਮੰਦਿਰ।

